Postal No.-- G/CHD/0111/2018-2020

Regd No. 32212/78

# ਲੁਬਾਣਾ ਸੇਵਕ

ਦਸੰਬਰ 2018 ਮਾਸਿਕ ਮੁੱਲ : 15/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ... "ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਹੁਪੱਖੀ ਦੇਣ"



ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਨਮ 1621 ਈ: ਨੂੰ ਛੇਵੇਂ ਗੁਰੂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗ੍ਰਹਿ ਵਿਖੇ ਮਾਤਾ ਨਾਨਕੀ ਜੀ ਦੀ ਕੁੱਖੋਂ ਸ਼੍ਰੀ ਅੰਮ੍ਰਿਤਸਰ ਵਿਖੇ ਹੋਇਆ। ਇਸ ਅਸਥਾਨ ਨੂੰ ਗੁਰੂ ਕੇ ਮਹਿਲ ਸ਼੍ਰੀ ਅੰਮ੍ਰਿਤਸਰ ਕਰਕੇ ਜਾਣਿਆ ਜਾਂਦਾ ਹੈ। ਜੋ ਕਿ ਸ਼੍ਰੀ ਦਰਬਾਰ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਦੇ ਨੇੜੇ ਹੀ ਪੈਂਦਾ ਹੈ। ਗੁਰੂ ਜੀ ਦਾ ਪਹਿਲਾ ਨਾਮ ਤਿਆਗ ਮੱਲ ਸੀ। ਇਹ ਉਹ ਸਮਾਂ ਸੀ ਜਦੋਂ ਸਮੇਂ ਦੀ ਹਕੂਮਤ ਸਿੱਖ ਲਹਿਰ ਨੂੰ ਦਬਾ ਰਹੀ ਸੀ। ਇਸ ਸਬੰਧੀ ਜ਼ਾਲਮ ਹਕੂਮਤ ਵਿਰੁੱਧ ਹੋਈ ਇੱਕ ਲੜਾਈ ਵਿਚ ਹਿੱਸਾ ਲੈਂਦਿਆਂ ਸ਼੍ਰੀ ਤਿਆਗ ਮੱਲ ਜੀ ਨੇ ਤੇਗ ਦੇ ਐਸੇ ਜੌਹਰ ਵਿਖਾਏ ਕਿ ਗੁਰੂ ਪਿਤਾ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਵੇਖ ਕੇ ਗਦ-ਗਦ ਹੋ ਉੱਠੇ ਤੇ ਵਿਸਮਾਦ ਵਿਚ ਉਨ੍ਹਾਂ ਆਪਣੇ ਪੁੱਤਰ ਦਾ ਨਾਮ ਤਿਆਗ ਮੱਲ ਤੋਂ ਤੇਗ ਬਹਾਦਰ ਕਰ ਦਿੱਤਾ। ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਵਿਆਹ (ਮਹਾਨ ਕੋਸ਼ ਅਨੁਸਾਰ) 15 ਅੱਸੂ ਸੰਮਤ 1689 (1632 ਈ:) ਨੂੰ ਸ਼੍ਰੀ ਲਾਲ ਚੰਦ ਜੀ ਦੀ ਸਪੁੱਤਰੀ ਸ਼੍ਰੀ ਗੁਜਰੀ ਜੀ ਨਾਲ ਕਰਤਾਰਪੁਰ (ਜਲੰਧਰ) ਵਿਖੇ ਹੋਇਆ। ਆਪ ਨੇ ਚੇਤ ਸੁਦੀ 14 ਸੰਮਤ 1722 (20 ਮਾਰਚ, 1665) ਨੂੰ ਗੁਰਿਆਈ ਪ੍ਰਾਪਤ ਕਰਕੇ ਅਨੰਤ ਜੀਵਾਂ ਨੂੰ ਸੁਮਾਰਗ ਪਾਇਆ।

ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਸਮੁੱਚਾ ਜੀਵਨ ਹੀ ਦੇਸ਼, ਕੌਮ ਤੇ ਮਨੁੱਖਤਾ ਦੇ ਹਿੱਤਾਂ ਜਾਂ ਕਲਿਆਣ ਹਿੱਤ ਕੀਤੀਆਂ ਅਣਗਿਣਤ ਤੇ ਅਦੁੱਤੀ ਕੁਰਬਾਨੀਆਂ ਨਾਲ ਭਰਪੂਰ ਹੈ। ਆਪ ਜੀ ਆਪਣੇ ਯੁੱਗ ਦੀ ਇੱਕ ਸਰਬਸਾਂਝੀ ਤੇ ਅਦੁੱਤੀ ਸ਼ਖ਼ਸੀਅਤ ਸਨ। ਕਸ਼ਮੀਰ ਦੇ ਕੱਟੜ ਹਠ ਧਰਮੀ ਤਤਕਾਲੀ ਮੁਗਲ ਰਾਜ ਦੇ ਸਤਾਏ ਤੇ ਖੌਫ਼ਜ਼ਦਾ ਬ੍ਰਾਹਮਣਾਂ ਦੇ ਵਫ਼ਦ ਦਾ ਸਿਰਫ ਤੇ ਸਿਰਫ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪਾਸ ਪੁਕਾਰ ਲੈ ਕੇ ਆਉਣਾ ਤੇ ਉਨ੍ਹਾਂ ਨੂੰ ਆਪਣਾ ਦੁੱਖ ਦੱਸਣਾ ਗੁਰੂ ਸਾਹਿਬ ਦੀ ਵਿਲੱਖਣ ਸਰਬਸਾਂਝੀ ਸ਼ਖ਼ਸੀਅਤ ਦਾ ਪ੍ਰਤੱਖ ਪ੍ਰਮਾਣ ਹੈ। ਕਿਸੇ ਦੂਸਰੇ ਧਰਮ ਦੇ ਦੁਖੀ ਲੋਕਾਂ ਦੇ ਵਾਸਤੇ ਸੀਸ ਦੇ ਦੇਣਾ ਤੇ ਜ਼ਿੰਦਗੀ ਵਾਰ ਦੇਣਾ ਇਹ ਸੰਸਾਰ ਭਰ ਦੇ ਇਤਿਹਾਸ ਵਿਚ ਸਿਰਫ ਤੇ ਸਿਰਫ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਹੀ ਹਿੱਸੇ ਆਇਆ ਹੈ। ਬਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰੂ ਪਿਤਾ ਨੂੰ ਖ਼ੁਦ, ਬ੍ਰਾਹਮਣਾਂ ਦੇ ਦਰਦ ਵਿਚ ਪਸੀਜ ਕੇ ਬਾਲ-ਆਯੂ ਵਿਚ ਸਮੇਂ ਦੇ ਬਾਦਸ਼ਾਹ ਨੂੰ ਸਮਝਾਉਣ ਵਾਸਤੇ ਭਾਵ ਕਿ ਜ਼ਿੰਦਗੀ ਕੁਰਬਾਨ ਕਰ ਦੇਣ ਵਾਸਤੇ ਦਿੱਲੀ ਨੂੰ ਤੋਰਨਾ ਵੀ ਦੁਨੀਆਂ ਭਰ ਵਿਚ ਬੇਮਿਸਾਲ ਤੇ ਹਰ ਸੰਵੇਦਨਸ਼ੀਲ ਹਿਰਦੇ ਵਿਚ ਹੈਰਾਨੀ ਤੇ ਵਿਸਮਾਦ ਉਪਜਾਉਣ ਵਾਲਾ ਕਾਰਨਾਮਾ ਹੈ। ਵਕਤ ਦਾ ਕੱਟੜ ਹਠਧਰਮੀ ਬਾਦਸ਼ਾਹ ਆਪਣੀ ਪਰਜਾ ਵਿਰੋਧੀ ਕੁਨੀਤੀ ਤੋਂ ਮੋੜਿਆ ਨਾ ਜਾ ਸਕਿਆ। ਬਾਦਸ਼ਾਹ ਔਰੰਗਜ਼ੇਬ ਦੇ ਆਦੇਸ਼-ਨਿਰਦੇਸ਼ ਤੇ ਗੁਰੂ ਜੀ ਦੇ ਨਾਲ ਗਏ ਨਾਮਵਰ ਤੇ ਸੂਝਵਾਨ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਰੌਂਗਟੇ ਖੜ੍ਹੇ ਕਰ ਦੇਣ ਵਾਲੇ ਤਸੀਹੇ ਦਿੰਦਿਆਂ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਸ਼ਹੀਦ ਕੀਤਾ ਗਿਆ। ਇਸ ਪਿੱਛੇ ਮੁੱਖ ਤੌਰ ਤੇ ਹਕੂਮਤ ਦੀ ਇਹ ਸੋਚ ਕੰਮ ਕਰ ਰਹੀ ਸੀ ਕਿ ਸ਼੍ਰੀ ਗੁਰੂ ਤੇਗ ਬਹੁਦਰ ਸਾਹਿਬ ਨੂੰ ਖ਼ੌਫਜ਼ਦਾ ਕਰ ਕੇ ਉਨ੍ਹਾਂ ਦੇ ਦੁਖੀ ਲੋਕਾਂ ਦੇ ਨਾਲ ਖੜ੍ਹਨ ਦੇ ਦ੍ਰਿੜ੍ਹ ਇਰਾਦੇ ਤੋਂ ਥਿੜਕਾਇਆ ਜਾਵੇ ਇਸ ਵਿਚ ਹਕੂਮਤ ਦੀ ਨਾਸਮਝੀ ਤੇ ਸਿੱਖੀ ਸਿਧਾਂਤਾਂ ਤੋਂ ਅਗਿਆਨਤਾ ਸਾਫ ਝਲਕਦੀ ਹੈ। ਇਸ ਪ੍ਰਕਾਰ ਗੁਰੂ ਜੀ ਨੇ ਹਿੰਦੁਸਤਾਨ ਦੀ ਪੀੜ੍ਹਤ ਲੋਕਾਈ ਅੰਦਰ ਆਪਣੇ ਤਿੰਨ ਚੋਣਵੇਂ ਸਿੱਖਾਂ ਦੀ ਤੇ ਆਪਣੀ ਕੁਰਬਾਨੀ ਦੇ ਕੇ ਇਕ ਤਰ੍ਹਾਂ ਨਾਲ ਜਿੱਥੇ ਪੀੜ੍ਹਤ ਧਿਰ ਪ੍ਰਤੀ ਆਪਣੀ ਵਚਨਬਧਤਾ ਦਰਸਾਈ, ਉੱਥੇ ਉਸ ਪੀੜ੍ਹਤ ਧਿਰ ਨੂੰ ਇੱਕ ਹੱਦ ਤੱਕ ਮਾਨਸਿਕ ਤੇ ਆਤਮਿਕ ਪੱਧਰ ਤੇ ਧਰਵਾਸ ਤੇ ਤਸੱਲੀ ਦਿੱਤੀ। ਇਨ੍ਹਾਂ ਸ਼ਹੀਦੀਆਂ ਨਾਲ ਸਿੱਖੀ ਲਹਿਰ ਵਿਚ ਅਥਾਹ ਜ਼ੋਰ

ਆਇਆ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਵਿਚ ਸਿੱਖ ਲਹਿਰ ਜ਼ੋਰ ਪਕੜਨ ਲੱਗੀ। ਦਸਵੇਂ ਗੁਰੂ ਜੀ ਨੇ 'ਬਚਿਤ੍ਰ ਨਾਟਕ' ਵਿਚ ਪਿਤਾ ਗੁਰੂ ਜੀ ਦੀ ਸ਼ਹਾਦਤ ਸਬੰਧੀ ਬਾਕਮਾਲ ਕਥਨ ਦਰਜ਼ ਕੀਤੇ ਹਨ। ਇਕ ਕਥਨ ਲੋਕਾਈ ਵਿਚ ਸ਼ਹਾਦਤ ਦੇ ਪ੍ਰਭਾਵ ਨੂੰ ਦਰਸਾਉਂਦਾ ਹੈ:

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।।**

**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।।**

ਭਾਰਤ ਦਾ ਜ਼ੁਲਮ ਦੂਰ ਕਰਨ ਅਤੇ ਧਰਮ ਦਾ ਬੀਜ ਰੱਖਣ ਲਈ ਆਪ ਨੇ 1675ਈ: ਨੂੰ ਸ਼ਹੀਦੀ ਪ੍ਰਾਪਤ ਕੀਤੀ। ਦਸਮੇਸ਼ ਪਿਤਾ ਜੀ 'ਬਚਿਤ੍ਰ ਨਾਟਕ' ਵਿਚ ਲਿਖਦੇ ਹਨ :

**ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ।।**

**ਤੇਗ ਬਹਾਦਰ ਕ੍ਰਿਆ ਕਰੀ ਨ ਕਿਨਹੂੰ ਆਨ।।**

ਨੌਂਵੇਂ ਸਤਿਗੁਰੂ ਜੀ ਦੇ ਸ਼ਹੀਦੀ ਅਸਥਾਨ ਦਾ ਨਾਮ "ਸੀਸ ਗੰਜ" ਹੈ ਜੋ ਦਿੱਲੀ ਦੇ ਚਾਂਦਨੀ ਚੌਂਕ ਵਿਚ ਵਿਦਯਮਾਨ ਹੈ ਤੇ ਦੇਹ ਸਸਕਾਰ ਦੀ ਥਾਂ ਨਾਮ "ਰਕਾਬ ਗੰਜ" ਹੈ। ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰ ਗੱਦੀ ਅਤੇ ਆਨੰਦਪੁਰ ਸਾਹਿਬ ਤਕ ਪਹੁੰਚਣ ਦਾ ਸਿਹਰਾ ਬਾਬਾ ਮੱਖਣ ਸ਼ਾਹ ਲੁਬਾਣਾ ਨੂੰ ਨਸੀਬ ਹੋਇਆ ਅਤੇ ਗੁਰੂ ਸਾਹਿਬ ਦੇ ਸਰੀਰ ਦਾ ਸਸਕਾਰ ਕਰਨ ਦਾ ਮੌਕਾ ਲੱਖੀ ਸ਼ਾਹ ਵਣਜਾਰਾ ਨੂੰ ਨਸੀਬ ਹੋਇਆ ਜਿਸ ਦਾ ਲੁਬਾਣਾ ਕੌਮ ਨੂੰ ਫ਼ਕਰ ਹੈ।

ਸ਼੍ਰੀ ਗੁਰੂ ਤੇਗ ਬਹਾਦਰ ਜੀ ਨੇ ਜਿੱਥੇ ਆਪਣੇ ਗੁਰਿਆਈ-ਕਾਲ ਦੌਰਾਨ ਪਹਿਲਾਂ ਉਪਲਬਧ ਪਾਵਨ ਗੁਰਬਾਣੀ ਦਾ ਸਿੱਖ ਸੰਗਤਾਂ ਤੇ ਸਮੁੱਚੇ ਦੇਸ਼ ਦੀ ਲੋਕਾਈ ਵਿਚ ਵੱਧ ਤੋਂ ਵੱਧ ਪਾਸਾਰ ਕੀਤਾ, ਉੱਥੋਂ ਆਪ ਨੇ ਆਪਣੇ ਮੁਖਾਰਬਿੰਦ ਤੋਂ ਪਾਵਨ ਬਾਣੀ ਉਚਾਰ ਕੇ ਗੁਰਬਾਣੀ ਦੇ ਅਗੰਮੀ ਖਜ਼ਾਨੇ ਨੂੰ ਮਾਲਾ-ਮਾਲ ਕੀਤਾ। ਆਪ ਦੀ ਪਾਵਨ ਬਾਣੀ ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਾਵਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਇਆ। ਇਹ ਬਾਣੀ ਵੱਖ-ਵੱਖ ਰਾਗਾਂ ਵਿਚ ਅੰਕਿਤ ਕੀਤੇ ਗਏ ਸ਼ਬਦਾਂ ਦੇ ਰੂਪ ਵਿਚ ਹੈ। ਇਸ ਦੇ ਇਲਾਵਾ ਗੁਰੂ ਜੀ ਨੇ ਕੁਝ ਬਾਣੀ ਸਲੋਕਾਂ ਦੇ ਰੂਪ ਵਿਚ ਉਚਾਰਨ ਕੀਤੀ ਜੋ ਨੌਂਵੇਂ ਮਹੱਲੇ ਦੇ ਸਲੋਕਾਂ ਦੇ ਰੂਪ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਮੁਕਤ ਬਾਣੀ ਦੇ ਅੰਦਲੇ ਹਿੱਸੇ ਵਿਚ ਦਰਜ ਹੈ।

**ਜਗੀਰ ਸਿੰਘ ਲਾਲੀਆ**
**ਪ੍ਰਧਾਨ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

* **ਜ਼ਿੰਦਗੀ ਵਿੱਚ ਜ਼ਿਆਦਾ ਖਤਰਾ ਨੇੜਤਾ ਵਾਲੇ ਬੰਦਿਆਂ ਤੋਂ ਹੀ ਹੁੰਦਾ ਹੈ। - ਅਗਿਆਤ**
* **ਮਨੁੱਖਤਾ ਦੀ ਸੇਵਾ ਮਨੁੱਖਤਾ ਦਾ ਪਹਿਲਾ ਫਰਜ਼ ਹੈ। - ਵਿਨੋਵਾ ਭਾਵੇ**
* **ਉਹ ਵਿਅਕਤੀ ਅੱਲ੍ਹਾ ਦੇ ਸਾਹਮਣੇ ਸਨਮਾਨਯੋਗ ਹੁੰਦਾ ਹੈ ਜੋ ਦੂਸਰੇ ਦੀ ਹਾਨੀ ਕਰਨ ਦੀ ਤਾਕਤ ਰੱਖਦਿਆਂ ਵੀ ਉਸ ਨੂੰ ਖਿਮਾ ਕਰ ਦਿੰਦਾ ਹੈ। - ਹਜ਼ਰਤ ਮੁਹੰਮਦ**
* **ਪੰਜ ਮਿੰਟ ਦਾ ਗੁੱਸਾ ਜੀਵਨ ਭਰ ਦੀ ਦੋਸਤੀ ਨੂੰ ਖਤਮ ਕਰ ਦਿੰਦਾ ਹੈ। - ਵੇਦ ਵਿਆਸ**
* **ਸਾਡਾ ਸਭ ਤੋਂ ਵੱਡਾ ਦੁਸ਼ਮਨ ਸਾਡੀਆਂ ਬੇਕਾਬੂ ਖਾਹਿਸ਼ਾਂ ਹਨ। - ਭਗਵਾਨ ਮਹਾਂਵੀਰ ਸੁਆਮੀ**

# ਲੁਬਾਣਾ ਸੇਵਕ

**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
Engineer Parminderjit Singh
524, GMT Jalandhar
parminderjitsingh84@yahoo.com
M.: 99153-57524

**Co-Editor**
S. Joginder Singh Ajaib, 421-A,
Maharaja Ranjit Singh Avenue, Jalandhar-144009
M.: 98152-69145

Prof. Jaswant Singh Ph.D.
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**
ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਸੰਗਰਾਂਦ - (੧ ਮਾਘ) 16-01-2019 (ਸੋਮਵਾਰ)
ਪੂਰਨਮਾਸ਼ੀ - (੮ ਮਾਘ) 21-01-2019 (ਸੋਮਵਾਰ)
ਮੱਸਿਆ - (੨੨ ਮਾਘ) 4-02-2019 (ਸੋਮਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 82 | ਦਸੰਬਰ - 2018



| | | |
|---|---|---|
| 1. | ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ | 5 |
| 2. | 'ਜਪੁ ਜੀ' ਦਾ ਭਾਵ (ਪਉੜੀ-ਵਾਰ) | 7 |
| 3. | ਗੁਰੂ ਤੇਗ ਬਹਾਦਰ ਅਤੇ ਮਨੁੱਖੀ ਅਜ਼ਾਦੀ | 8 |
| 4. | ਸਾਕਾ ਸਰਹਿੰਦ - ਜਦੋਂ ਇਤਿਹਾਸ ਵੀ ਥਰਥਰਾਉਣ ਲੱਗਦਾ ਹੈ | 11 |
| 5. | ਸੱਚਾ ਲਾਹਾ | 14 |
| 6. | ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ) | 16 |
| 7. | ਰੀਤਾਂ ਤੋਂ ਕੁਰੀਤੀਆਂ ਕਿਵੇਂ? | 18 |
| 8. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 20 |
| 9. | ਕਾਹਨੂੰਵਾਨ (ਗੁਰਦਾਸਪੁਰ) ਤੋਂ ਚੰਡੀਗੜ੍ਹ ਤੱਕ ਐਜੂਕੇਸ਼ਨ..... | 23 |
| 10. | ਸ੍ਰੀ ਗੁਰੂ ਨਾਨਕ ਸਾਹਿਬ ਜੀ - ਪਿਛੋਕੜ ਤੇ ਪਹੁੰਚ | 25 |
| 11. | ਸੰਤ ਬਿਸ਼ਨ ਸਿੰਘ ਜੀ ਦੇ ਖ਼ਾਸ ਵਿਦਿਆਰਥੀ | 28 |
| 12. | ਆਓ ਜਾਣੀਏ! | 23 |
| 13. | ਸ਼ੋਕ ਸਮਾਚਾਰ | 30 |
| 14. | ਕਾਵਿ-ਕਿਆਰੀ | 31 |
| 15. | ਸਿਹਤ ਸੰਭਾਲ | 32 |
| 16. | ਦਾਨੀ ਸੱਜਣਾਂ ਦੀ ਸੂਚੀ | 34 |
| 17. | Career After +2 | 37 |
| 18. | Eat Healthy Stay Healthy | 39 |
| 19. | Matrimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ





ਸਿੱਖ ਇਤਿਹਾਸ ਅਦੁੱਤੀ ਕੁਰਬਾਨੀਆਂ ਦਾ ਇਤਿਹਾਸ ਹੈ ਅਤੇ ਇਸ ਇਤਿਹਾਸ ਵਿਚ ਦਸੰਬਰ ਸੰਨ 1704 ਵਿਚ ਹੋਈਆਂ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਦੀ ਉਦਾਹਰਣ ਸੰਸਾਰ ਇਤਿਹਾਸ ਵਿਚ ਦੁਰਲੱਭ ਹੈ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਪੇਸ਼ ਕਰਦਾ ਜੋਗੀ ਅੱਲਾ ਯਾਰ ਖਾਨ ਲਿਖਦਾ ਹੈ ਕਿ "ਜੇ ਭਾਰਤ ਵਿਚ ਕੋਈ ਮਹਾਨ ਤੀਰਥ ਅਸਥਾਨ ਹੈ, ਜਿਥੇ ਕਿਸੇ ਪਿਤਾ ਨੇ ਪਰਮਾਤਮਾ ਦੀ ਸਰਦਲ 'ਤੇ ਪੁੱਤਰਾਂ ਨੂੰ ਕੁਰਬਾਨ ਕਰ ਦਿੱਤਾ ਤਾਂ ਉਹ ਤੀਰਥ ਹੈ ਚਮਕੌਰ ਦੀ ਧਰਤੀ ਹੈ", ਜਿਸ ਦਾ ਹਰ ਕਣ ਪਰਮਾਤਮਾ ਦੀ ਸ਼ਾਨ ਵਿਚ ਚਮਕ ਰਿਹਾ ਹੈ। ਐਸੀ ਹੀ ਦਿਲ-ਕੰਬਾਊ ਦਾਸਤਾਨ 'ਸਰਹਿੰਦ ਦੀ ਦੀਵਾਰ' ਦੀ ਹੈ ਜਿਥੇ ਨਿੱਕੀਆਂ ਜਿੰਦਾਂ (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ) ਨੇ ਬਹੁਤ ਵੱਡਾ ਸਾਕਾ ਕਰ ਵਿਖਾਇਆ। ਸੌ-ਸੌ ਵਾਰ ਪ੍ਰਣਾਮ ਹੈ ਐਸੇ ਸੂਰਬੀਰਾਂ ਨੂੰ ਜਿਨ੍ਹਾਂ ਨੇ ਧਰਮ, ਦੇਸ਼ ਅਤੇ ਸਮੁੱਚੀ ਮਨੁੱਖਤਾ ਦੇ ਸ੍ਵੈਮਾਨ, ਅਣਖ ਅਤੇ ਆਜ਼ਾਦੀ ਹਿਤ ਜਾਨਾਂ ਵਾਰ ਦਿੱਤੀਆਂ।


**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
**98152-69145**




ਗੁਰੂ ਜੀ ਦੇ ਦੋਵੇਂ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਅਮਰਤਾ ਪ੍ਰਦਾਨ ਕਰਨ ਵਾਲਾ ਅੰਮ੍ਰਿਤ ਪਾਨ ਕੀਤਾ, ਸ਼ਸਤਰਧਾਰੀ ਬਣੇ, ਯੁੱਧ ਵਿੱਦਿਆ ਹਾਸਲ ਕੀਤੀ ਅਤੇ ਛੋਟੀਆਂ ਟੋਲੀਆਂ ਬਣਾ ਕੇ ਜੰਗ ਲੜਨ ਦੇ ਕਰਤੱਵ ਕਰਦੇ ਅਤੇ ਜੌਹਰ ਵਿਖਾਉਂਦੇ ਰਹਿੰਦੇ ਸੀ। ਕੁਝ ਦਿਨਾਂ ਵਿਚ ਹੀ ਹਜ਼ਾਰਾਂ ਸਿੱਖਾਂ ਨੇ ਅੰਮ੍ਰਿਤ ਪਾਨ ਕਰ ਲਿਆ ਅਤੇ ਸ਼ਸਤਰਧਾਰੀ ਖਾਲਸਾ ਹਕੂਮਤ ਲਈ ਖਤਰੇ ਦਾ ਚਿੰਨ੍ਹ ਬਣ ਗਿਆ। ਗੁਰੂ ਜੀ ਨੂੰ ਸਰਬੱਤ ਸਿੱਖ 'ਸੱਚਾ ਪਾਤਸ਼ਾਹ' ਮੰਨਦੇ ਤੇ ਸੰਬੋਧਨ ਕਰਦੇ ਸਨ ਜੋ ਔਰੰਗਜ਼ੇਬ ਲਈ ਬਰਦਾਸ਼ਤ ਕਰਨਾ ਕਠਨ ਸੀ। ਸਭ ਜਾਤਾਂ ਦਾ ਇਕੋ ਬਾਟੇ ਵਿਚੋਂ ਅੰਮ੍ਰਿਤ ਪਾਨ ਕਰਨਾ ਅਤੇ ਊਚ-ਨੀਚ ਦੀ ਬਰਾਬਰੀ ਪਹਾੜੀ ਹਿੰਦੂ ਰਾਜਿਆਂ ਨੂੰ ਵੀ ਪ੍ਰਵਾਨ ਨਹੀਂ ਸੀ। ਸੋ ਉਹ ਵੀ ਖਾਲਸੇ ਦੀ ਸਿਰਜਨਾ ਅਤੇ ਸਿੱਖਾਂ ਦੇ ਸ਼ਸਤਰਧਾਰੀ ਹੋਣ ਦੇ ਵਿਰੁੱਧ ਸਨ।

ਐਸੀ ਸਥਿਤੀ ਵਿਚ ਹੀ ਔਰੰਗਜ਼ੇਬ ਨੇ ਨਵਾਬ ਦਲਾਵਰ ਖਾਨ ਅਤੇ ਉਸ ਦੇ ਲੜਕੇ ਰੁਸਤਮ ਖਾਨ ਨੂੰ ਆਨੰਦਪੁਰ ਸਾਹਿਬ 'ਤੇ ਭਾਰੀ ਹਮਲਾ ਕਰਨ ਹਿਤ ਭੇਜਿਆ। ਨਵੰਬਰ ੧੬੯੯ ਦੀ ਇਕ ਰਾਤ ਨੂੰ ਭਾਰੀ ਗਿਣਤੀ ਵਿਚ ਆਈ ਮੁਗ਼ਲ ਸੈਨਾ ਗੁਰੂ ਜੀ ਦੀ ਖਾਲਸਾ ਫੌਜ ਨਾਲ ਆ ਟਕਰਾਈ ਪਰ ਉਸ ਦਾ ਸਾਹਮਣਾ ਨਾ ਕਰ ਸਕੀ। ਇਸ ਤਰ੍ਹਾਂ ਆਨੰਦਪੁਰ ਦੀ ਪਹਿਲੀ ਲੜਾਈ ਵਿਚ ਖਾਲਸੇ ਦੀ ਜਿੱਤ ਹੋਈ।

ਕੁਝ ਦਿਨ ਪਿੱਛੋਂ ਉਨ੍ਹਾਂ ਨੇ ਔਰੰਗਜ਼ੇਬ ਵੱਲੋਂ ਦਸਤਖਤ-ਸ਼ੁਦਾ ਕੁਰਾਨ ਅਤੇ ਉਸ ਵੱਲੋਂ ਚਿੱਠੀ ਪੇਸ਼ ਕੀਤੀ, ਪਿਛਲੀ ਗਲਤੀ ਦੀ ਖ਼ਿਮਾ ਮੰਗੀ ਅਤੇ ਕਿਹਾ ਕਿ ਜੇ ਆਪ ਜੀ ਸਿੱਖ ਸਿਪਾਹੀਆਂ ਸਮੇਤ ਕਿਲ੍ਹਾ ਛੱਡ ਦਿਓ, ਇਸ ਤਰ੍ਹਾਂ ਲੜਾਈ ਮੁੱਕ ਜਾਏਗੀ। ਸਿੱਖਾਂ ਦੇ ਬਾਰ-ਬਾਰ ਕਹਿਣ 'ਤੇ ੨੦ ਦਸੰਬਰ ੧੭੦੪ ਦੀ ਸਰਦੀਲੀ ਰਾਤ ਨੂੰ ਗੁਰੂ ਜੀ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਪੰਜ ਪਿਆਰੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ, ਬਾਕੀ ਸਿੱਖ ਜਥੇ ਵੀ ਮਗਰ-ਮਗਰ ਤੁਰ ਪਏ। ਅੰਮ੍ਰਿਤ ਵੇਲੇ ਆਪ ਜੀ ਸਰਸਾ ਦਰਿਆ ਦੇ ਕੰਢੇ ਪੁੱਜੇ। ਇਥੇ ਆਸਾ ਕੀ ਵਾਰ ਦਾ ਕੀਰਤਨ ਹੋਇਆ। ਸਮਾਪਤੀ ਉਪਰੰਤ ਦਰਿਆ ਪਾਰ ਕੀਤਾ ਗਿਆ। ਤਦ ਤੱਕ ਮੁਗ਼ਲ ਫੌਜ ਇਕਰਾਰ ਭੁੱਲ ਕੇ ਗੁਰੂ ਜੀ ਅਤੇ ਸਿੱਖ ਸੈਨਾ ਦੇ ਪਿੱਛੇ ਲੱਗ ਚੁੱਕੀ ਸੀ। ਐਸੇ ਸਮੇਂ ਹੀ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਪਰਿਵਾਰ ਨਾਲੋਂ ਵਿੱਛੜ ਗਏ। ਘਰੇਲੂ ਸੇਵਾਦਾਰ ਗੰਗੂ ਦੇ ਕਹਿਣ 'ਤੇ ਉਹ ਉਸ ਦੇ ਪਿੰਡ ਖੇੜੀ ਜਾ ਟਿਕੇ। ਅਜੇ ਸਿੱਖ ਸੈਨਾ ਸਰਸਾ ਕੰਢੇ ਹੀ ਸੀ ਕਿ ਮੁਗ਼ਲ ਫੌਜ ਨੇ ਆ ਚੜ੍ਹਾਈ ਕੀਤੀ। ਸਿੱਖ ਸੂਰਮਿਆਂ ਨੇ ਪੂਰੀ ਬਹਾਦਰੀ ਨਾਲ ਟਾਕਰਾ ਕੀਤਾ ਤੇ ਉਨ੍ਹਾਂ ਨੂੰ ਅੱਗੇ ਨਾ ਵੱਧਣ ਦਿੱਤਾ। ਭਾਈ ਉਦੈ ਸਿੰਘ ਅਤੇ ਭਾਈ ਜੀਵਨ ਸਿੰਘ, ਇਕੱਲੇ-ਇਕੱਲੇ ਨੇ ਕਈ-ਕਈ ਜਮਪੁਰੀ ਭੇਜੇ। ਅਖੀਰ ਬੇਅੰਤ ਨੁਕਸਾਨ ਕਰਵਾ ਕੇ ਥੱਕੀ-ਟੁੱਟੀ ਮੁਗ਼ਲ ਸੈਨਾ ਆਪਣੇ ਕੈਂਪ ਨੂੰ ਪਰਤ ਗਈ।

ਏਧਰ ਗੁਰੂ ਜੀ, ਦੋ ਵੱਡੇ ਸਾਹਿਬਜ਼ਾਦੇ ਅਤੇ ੪੦ ਦੇ ਕਰੀਬ ਸਿੱਖ ਰੋਪੜ ਦੇ ਇਲਾਕੇ 'ਚ ਪੁੱਜੇ ਅਤੇ ਖੁੱਲ੍ਹੇ ਮੈਦਾਨ ਵਿਚ ਛਾਉਣੀ ਪਾਈ। ਇਥੇ ਹੀ ਕੋਟਲਾ ਨਿਹੰਗ ਸਿੰਘ ਦੇ ਉਚੇ-ਲੰਮੇ ਪਠਾਣ ਨੇ ਗੁਰੂ ਜੀ ਦੇ ਕੈਂਪ ਦੀ ਰੱਖਿਆ ਲਈ ਆਪਣੀ ਸੇਵਾ ਭੇਟ ਕੀਤੀ। ਸੰਸਾਰ ਦੇ ਯੁੱਧ-ਇਤਿਹਾਸ ਵਿਚ ਕਿਤੇ ਵੀ ਐਸੀ ਉਦਾਹਰਣ ਨਹੀਂ ਮਿਲਦੀ ਜਿੱਥੇ ਕੇਵਲ ੪੦ ਕੁ ਸੂਰਮਿਆਂ ਨੇ ਅਣਗਿਣਤ ਸ਼ਾਹੀ ਸੈਨਾ ਨਾਲ ਲੋਹਾ ਲਿਆ ਹੋਵੇ। ਜਰਨੈਲ ਨਾਹਰ ਖਾਨ ਪੌੜੀ ਰਾਹੀਂ ਗੜ੍ਹੀ 'ਤੇ ਚੜ੍ਹਨ ਲੱਗਾ, ਗੁਰੂ ਜੀ ਦੇ ਤੀਰ ਨਾਲ ਵਿੰਨ੍ਹਿਆ ਗਿਆ-ਜਰਨੈਲ ਗਨੀ ਖਾਨ ਨੂੰ ਗੁਰਜ ਮਾਰ ਕੇ ਚਿੱਤ ਕਰ ਦਿੱਤਾ। ਸਿੱਖ ਸਿਪਾਹੀ ਸਣੇ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਪ੍ਰਾਪਤ ਹਥਿਆਰਾਂ ਤੀਰਾਂ, ਤਲਵਾਰਾਂ, ਬਰਛਿਆਂ ਨਾਲ ਲੈਸ ਸਨ।

੨੨ ਦਸੰਬਰ,੧੭੦੪ ਨੂੰ ਘਮਸਾਨ ਦਾ ਯੁੱਧ ਹੋਇਆ। ਸਿੱਖ ਸੈਨਾ ਭਾਵੇਂ ਗਿਣਤੀ ਵਿਚ ਬਹੁਤ ਥੋੜ੍ਹੀ ਸੀ, ਪਰ ਗੁਰੂ ਜੀ ਦੀ ਹਜ਼ੂਰੀ, ਪਿਆਰ ਸਿਦਕ ਅਤੇ ਦ੍ਰਿੜ੍ਹਤਾ ਕਾਰਨ ਚੜ੍ਹਦੀ ਕਲਾ ਵਿਚ ਅਤੇ ਪੂਰੇ ਜਲਾਲ ਵਿਚ ਸੀ। ਗੁਰੂ ਜੀ, ਰਣਨੀਤੀ ਨਿਰਧਾਰਤ ਕਰਦਿਆਂ, ਪੰਜ-ਪੰਜ ਸਿੰਘਾਂ ਦੀ ਟੋਲੀ ਵੈਰੀਆਂ ਨਾਲ ਜੂਝਣ ਲਈ ਮੈਦਾਨੇ-ਜੰਗ ਵਿਚ ਭੇਜਦੇ, ਜੋ ਜੈਕਾਰਿਆਂ ਦੀ ਗੂੰਜ ਨਾਲ ਵੈਰੀਆਂ 'ਤੇ ਟੁੱਟ ਪੈਂਦੇ। ਸੈਂਕੜੇ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਦਿਆਂ ਆਪ ਸ਼ਹੀਦ ਹੋ ਜਾਂਦੇ। ਗੁਰੂ ਜੀ ਆਪ ਗੜ੍ਹੀ ਦੀ ਛੱਤ ਤੋਂ ਤੀਰਾਂ ਦਾ ਮੀਂਹ ਵਰ੍ਹਾਂਦੇ, ਮੁਗ਼ਲਾਂ ਵਿਚ ਭੜਥੂ ਪਾਈ ਰੱਖਦੇ। ਜਦੋਂ ਗੜ੍ਹੀ ਚਾਰੋਂ ਪਾਸਿਆਂ ਤੋਂ ਘਿਰ ਗਈ ਅਤੇ ਸਿੰਘ ਵੀ ਕਾਫੀ ਸ਼ਹੀਦ ਹੋ ਗਏ ਤਾਂ ਬਾਕੀ ਬਚੇ ਸਿੰਘਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਰਾਤ ਸਮੇਂ ਪੁੱਤਰਾਂ ਸਣੇ ਗੜ੍ਹੀ ਵਿਚੋਂ ਨਿਕਲ ਜਾਣ। 'ਕਿਹੜੇ ਪੁੱਤਰ?' ਗੁਰੂ ਜੀ ਨੇ ਉੱਤਰ ਦਿੱਤਾ, 'ਤੁਸੀਂ ਸਭ ਹੀ ਤਾਂ ਮੇਰੇ ਪੁੱਤਰ ਹੋ!" ਸਭ ਦੀਆਂ ਅੱਖਾਂ ਸੇਜਲ ਹੋ ਗਈਆਂ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗ ਵਿਚ ਜਾਣ ਦੀ ਆਗਿਆ ਮੰਗੀ। ਪੰਜ ਸੂਰਬੀਰਾਂ ਦੀ ਕਮਾਨ ਦੇ ਕੇ ਗੁਰੂ ਜੀ ਦੀਆਂ ਅਸੀਸਾਂ ਲੈ, ਸਾਹਿਬਜ਼ਾਦਾ ਅਜੀਤ ਸਿੰਘ ਦਾ ਜੱਥਾ ਵੈਰੀਆਂ 'ਤੇ ਟੁੱਟ ਪਿਆ। ਜੈਕਾਰਿਆਂ ਦੀ ਗੂੰਜ ਵਿਚ ਲਲਕਾਰਦੇ ਸਿੱਖ ਸੂਰਬੀਰਾਂ ਨੇ ਅਣਗਿਣਤ ਵੈਰੀਆਂ ਨੂੰ ਮੌਤ ਦੇ ਘਾਟ ਉਤਾਰਿਆ। ਤੀਰ ਮੁੱਕ ਗਏ ਤਾਂ ਸਿੰਘਾਂ ਨੇ ਤਲਵਾਰਾਂ ਧੂਹ ਲਈਆਂ। ਅਖੀਰ ਦਮ ਤੱਕ ਜੂਝਦੇ ਹੋਇਆਂ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਬਾਕੀ ਦੇ ਸਿੰਘਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਵੱਡੇ ਭਰਾ ਦੀ ਬਹਾਦਰੀ ਤੋਂ ਉਤਸ਼ਾਹਤ ਹੁੰਦਿਆਂ ੧੫ ਸਾਲਾਂ ਦੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਮੈਦਾਨੇ-ਜੰਗ ਵਿਚ ਜਾਣ ਦੀ ਆਗਿਆ ਮੰਗੀ। ਗੁਰੂ ਜੀ ਨੇ ਪੰਜ ਸਿੰਘਾਂ ਨੂੰ ਨਾਲ ਤੋਰਦਿਆਂ ਅਸੀਸਾਂ ਬਖ਼ਸ਼ੀਆਂ। ਛੋਟੇ ਸਾਹਿਬਜ਼ਾਦੇ ਨੇ ਅਤੇ ਉਸ ਦੇ ਸਾਥੀਆਂ ਨੇ ਵੀ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਜੀ ਨੇ ਪਰਮਾਤਮਾ ਦਾ ਧੰਨਵਾਦ ਕੀਤਾ ਕਿ ਤੇਰੀ ਅਮਾਨਤ ਤੈਨੂੰ ਸਮਰਪਿਤ ਹੈ!

ਗੁਰੂ ਗੋਬਿੰਦ ਸਿੰਘ ਜੀ ਨੇ ਗੜ੍ਹੀ ਵਿਚ ਰਹਿੰਦੇ ਸਿੱਖਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਦੁਸ਼ਮਣ ਨਾਲ ਬਹਾਦਰੀ ਨਾਲ ਲੜਨਾ ਹੀ ਸਾਡਾ ਧਰਮ ਅਤੇ ਕਰਤੱਵ ਹੈ। ਸਾਡੇ ਲਹੂ ਦਾ ਇਕ-ਇਕ ਕਤਰਾ ਸਾਡੇ ਧਰਮ ਦੀਆਂ ਨੀਂਹਾਂ ਪੱਕੀਆਂ ਕਰੇਗਾ।" ਕੇਵਲ ੧੧ ਸਿੰਘ ਗੜ੍ਹੀ ਵਿਚ ਬਚੇ ਸਨ। ਉਨ੍ਹਾਂ ਨੇ ਗੁਰਮਤਾ ਕਰਕੇ ਗੁਰੂ ਜੀ ਨੂੰ ਗੜ੍ਹੀ ਛੱਡ ਜਾਣ ਲਈ ਬੇਨਤੀ ਕੀਤੀ। ਗੁਰਸਿੱਖਾਂ ਦੀ ਬੇਨਤੀ ਪ੍ਰਵਾਨ ਕਰਦਿਆਂ ਆਪ ਜੀ ਰਾਤ ਦੇ ਹਨ੍ਹੇਰੇ ਵਿਚ ਗੜ੍ਹੀ ਤੋਂ ਬਾਹਰ ਆਏ ਅਤੇ ਸਵੇਰ ਤੱਕ ਗੁਰੂ ਜੀ ਮਾਛੀਵਾੜੇ ਪੁੱਜ ਚੁੱਕੇ ਸਨ। ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਵੀ ਗੁਰੂ ਜੀ ਨੂੰ ਮਾਛੀਵਾੜੇ ਆ ਮਿਲੇ। ਨਬੀ ਖਾਨ ਅਤੇ ਗਨੀ ਖਾਨ ਜੋ ਗੁਰੂ ਜੀ ਪ੍ਰਤੀ ਬਹੁਤ ਸ਼ਰਧਾ ਰੱਖਦੇ ਸਨ, ਇਥੇ ਗੁਰੂ ਜੀ ਨੂੰ ਆ ਮਿਲੇ। ਰਾਏਕੋਟ ਦੇ ਮੁਕਾਮ 'ਤੇ ਗੁਰੂ ਜੀ ਨੂੰ ਖਬਰ ਮਿਲੀ ਕਿ ਸਰਹੰਦ ਦੇ ਨਵਾਬ ਦੇ ਹੁਕਮ ਅਨੁਸਾਰ ਛੋਟੇ ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ ਹੈ। ਉਹ ਆਖਰੀ ਸੁਆਸ ਤੱਕ ਆਪਣੇ ਧਰਮ ਅਤੇ ਅਕੀਦੇ ਵਿਚ ਦ੍ਰਿੜ੍ਹ ਰਹੇ। ਮਾਤਾ ਗੁਜਰੀ ਜੀ ਬੱਚਿਆਂ ਨੂੰ ਰੋਜ਼ ਤਿਆਰ ਕਰਕੇ ਕਚਹਿਰੀ ਭੇਜਦੇ ਰਹੇ ਜਿਥੇ ਉਨ੍ਹਾਂ ਨੇ ਸੱਚ ਦੀ ਸਾਖ ਭਰਦਿਆਂ ਕਾਜ਼ੀ ਦੇ ਸਵਾਲਾਂ ਦੇ ਉੱਤਰ ਬੜੀ ਦਲੇਰੀ ਅਤੇ ਦ੍ਰਿੜ੍ਹਤਾ ਨਾਲ ਦਿੱਤੇ। ਨਵਾਬ ਅਤੇ ਕਾਜ਼ੀ ਦੋਵੇਂ ਇਨ੍ਹਾਂ ਬੱਚਿਆਂ ਦੀ ਦਲੇਰੀ ਅਤੇ ਧਰਮ ਦੀ ਦ੍ਰਿੜ੍ਹਤਾ ਦੇ ਅੰਦਰੋਂ ਕਾਇਲ ਸਨ ਪਰ ਬੱਚਿਆਂ ਨੂੰ ਇਸਲਾਮ ਵਿਚ ਸ਼ਾਮਲ ਕਰਨ ਲਈ ਬਹੁਤ ਉਤਸੁਕ ਵੀ ਸਨ। ਦੀਵਾਨ ਸੁੱਚਾ ਨੰਦ ਵੀ ਅਦਾਲਤ ਵਿਚ ਹਾਜ਼ਰ ਸਭ ਕੁਝ ਵੇਖ-ਸੁਣ ਰਿਹਾ ਸੀ। ਉਸ ਨੇ ਸੋਚੀ-ਸਮਝੀ ਵਿਉਂਤ ਅਨੁਸਾਰ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਦਲੇਰਾਨਾ ਉੱਤਰ ਸੀ ਕਿ ਅਸੀਂ ਸਿੱਖ ਸੈਨਿਕ ਇਕੱਠੇ ਕਰਕੇ ਧਰਮ ਲਈ ਯੁੱਧ ਕਰਾਂਗੇ ਅਤੇ ਜ਼ਾਲਮ ਰਾਜ ਨੂੰ ਉਖੇੜਨ ਦਾ ਹਰ ਯਤਨ ਕਰਾਂਗੇ। ਇਸ ਉੱਤਰ ਨਾਲ ਸੁੱਚਾ ਨੰਦ ਨੂੰ ਨਵਾਬ ਅਤੇ ਕਾਜ਼ੀ ਨੂੰ ਉਕਸਾਉਣ ਦਾ ਬਹਾਨਾ ਮਿਲ ਗਿਆ। ਉਸ ਨੇ ਦੋਹਾਂ ਨੂੰ ਕਿਹਾ ਕਿ ਸੱਪ ਦੇ ਬੱਚੇ ਵੱਡੇ ਹੋ ਕੇ ਬੜੇ ਖਤਰਨਾਕ ਸਿੱਧ ਹੋ ਸਕਦੇ ਹਨ। ਇਸ ਤਰ੍ਹਾਂ ਬੱਚਿਆਂ ਨੂੰ ਨੀਂਹਾਂ ਵਿਚ ਚਿਣਨ ਦਾ ਆਦੇਸ਼ ਦਿੱਤਾ ਗਿਆ। ਕਾਜ਼ੀ ਨੇ ਸਲਾਹ ਦਿੱਤੀ ਕਿ ਇਹ ਕਾਰਜ ਨਵਾਬ ਮਲੇਰਕੋਟਲਾ, ਸ਼ੇਰ ਮੁਹੰਮਦ ਖਾਨ ਰਾਹੀਂ ਕੀਤਾ ਜਾਵੇ ਕਿਉਂਕਿ ਉਸ ਦਾ ਭਰਾ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਜੰਗ ਵਿਚ ਮਾਰਿਆ ਗਿਆ ਸੀ। ਪਰ ਨਵਾਬ ਰੱਬ ਤੋਂ ਡਰਨ ਵਾਲਾ ਇਨਸਾਨ ਸੀ। ਉਸ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ 'ਇਹ ਸਰਾਸਰ ਜ਼ੁਲਮ ਹੈ। ਮੇਰਾ ਭਰਾ ਜੰਗ ਵਿਚ ਸ਼ਹੀਦ ਹੋਇਆ ਹੈ। ਇਹ ਬੱਚੇ ਉਸ ਦੀ ਮੌਤ ਦੇ ਜ਼ਿੰਮੇਵਾਰ ਨਹੀਂ ਹਨ। ਜੇ ਅਸੀਂ ਕੋਈ ਬਦਲਾ ਲੈਣਾ ਵੀ ਹੈ, ਤਾਂ ਇਨ੍ਹਾਂ ਦੇ ਪਿਤਾ (ਗੁਰੂ ਜੀ) ਤੋਂ ਲਈਏ!' ਨਵਾਬ ਮਲੇਰਕੋਟਲਾ ਨੇ ਹਾਅ ਦਾ ਨਾਹਰਾ ਮਾਰਿਆ। ਸਿੱਖ ਸੰਗਤ ਵੀ ਤਾਹੀਓਂ ਸਦਾ ਮਲੇਰਕੋਟਲਾ ਦੇ ਨਵਾਬਾਂ ਦਾ ਸਤਕਾਰ ਕਰਦੀ ਆਈ ਹੈ! ਬੱਚਿਆਂ ਨੂੰ ਨੀਂਹਾਂ ਵਿਚ ਚਿਣ ਦਿੱਤਾ ਗਿਆ। ਨਿੱਕੀਆਂ ਜਿੰਦਾਂ ਜਪੁਜੀ ਦੇ ਪਾਠ ਉਚਾਰਦੀਆਂ ਚੜ੍ਹਦੀ ਕਲਾ ਦਾ ਦ੍ਰਿਸ਼ ਪੇਸ਼ ਕਰਦੀਆਂ ਰਹੀਆਂ। ਅੰਤ ਬੱਚਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁਜਰੀ ਜੀ ਵੀ ਬੱਚਿਆਂ ਤੋਂ ਸੁਰਖਰੂ ਹੋ ਕੇ ਬ੍ਰਹਮਲੀਨ ਹੋ ਗਏ।

ਗੁਰੂ ਜੀ ਨੇ ਸਾਰੀ ਵਾਰਤਾ ਸੁਣ ਕੇ ਇਕ ਬੂਟਾ ਪੁੱਟਿਆ ਤੇ ਫ਼ਰਮਾਨ ਕੀਤਾ, 'ਹੁਣ ਮੁਗ਼ਲ ਰਾਜ ਦੀ ਜੜ੍ਹ ਪੁੱਟੀ ਗਈ ਹੈ।' ਇਹ ਵਾਕ ਸੱਚੇ ਸਿੱਧ ਹੋਏ। ਗੁਰੂ ਪਾਤਸ਼ਾਹ ਦੇ ਸਿਰਜੇ ਖਾਲਸੇ ਨੇ ਸਦੀਆਂ ਤੋਂ ਲਿਤਾੜੇ, ਲੁੱਟੇ ਤੇ ਮਾਰੇ ਜਾ ਰਹੇ ਹਿੰਦੁਸਤਾਨ ਦੇ ਵਾਸੀਆਂ ਨੂੰ ਮੁਗ਼ਲ ਹਕੂਮਤ ਤੋਂ ਨਿਜਾਤ ਦਿਵਾਈ।

ਮਨੁੱਖਤਾ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਅਦੁੱਤੀ ਹੈ।

# 'ਜਪੁ ਜੀ' ਦਾ ਭਾਵ (ਪਉੜੀ-ਵਾਰ)

**(ੳ) 1 ਤੋਂ 3** - 'ਕੂੜ' (ਮਾਇਆ) ਦੇ ਕਾਰਨ ਜੀਵ ਦੀ ਜੋ ਵਿੱਥ ਪਰਮਾਤਮਾ ਨਾਲੋਂ ਪੈ ਰਹੀ ਹੈ, ਉਹ ਪਰਮਾਤਮਾ ਦੇ 'ਹੁਕਮ' ਵਿੱਚ ਤੁਰਿਆਂ ਹੀ ਮਿਟ ਸਕਦੀ ਹੈ। ਜਦ ਤੋਂ ਜਗਤ ਬਣਿਆ ਹੈ, ਤਦ ਤੋਂ ਹੀ ਇਹ ਅਸੂਲ ਚਲਿਆ ਆ ਰਿਹਾ ਹੈ ॥1॥

ਪ੍ਰਭੂ ਦੇ 'ਹੁਕਮ' ਇਕ ਐਸੀ ਸੱਤਿਆ ਹੈ, ਜਿਸ ਦੇ ਅਧੀਨ ਸਾਰਾ ਹੀ ਜਗਤ ਹੈ। ਉਸ ਹੁਕਮ-ਸੱਤਿਆ ਦਾ ਮੁਕੰਮਲ ਸਰੂਪ ਬਿਆਨ ਨਹੀਂ ਹੋ ਸਕਦਾ : ਪਰ ਜੋ ਮਨੁੱਖ ਉਸ ਹੁਕਮ ਵਿੱਚ ਤੁਰਨਾ ਸਿੱਖ ਲੈਂਦਾ ਹੈ, ਉਸ ਦਾ ਆਪਾ-ਭਾਵ ਮਿਟ ਜਾਂਦਾ ਹੈ ॥2॥

ਪ੍ਰਭੂ ਦੇ ਵੱਖੋ-ਵੱਖਰੇ ਕੰਮ ਵੇਖ ਕੇ ਮਨੁੱਖ ਆਪੋ ਆਪਣੀ ਸਮਝ ਅਨੁਸਾਰ ਪ੍ਰਭੂ ਦੀ ਹੁਕਮ-ਸੱਤਿਆ ਦਾ ਅੰਦਾਜ਼ਾ ਲਾਂਦੇ ਚਲੇ ਆ ਰਹੇ ਹਨ। ਕਰੋੜਾਂ ਨੇ ਹੀ ਯਤਨ ਕੀਤਾ ਹੈ, ਪਰ ਕਿਸੇ ਪਾਸੋਂ ਅੰਦਾਜ਼ਾ ਨਹੀਂ ਲੱਗ ਸਕਿਆ। ਬੇਅੰਤ ਦਾਤਾਂ ਉਸ ਦੇ ਹੁਕਮ ਵਿੱਚ ਬੇਅੰਤ ਜੀਵਾਂ ਨੂੰ ਮਿਲ ਰਹੀਆਂ ਹਨ। ਪ੍ਰਭੂ ਦੀ ਹੁਕਮ-ਸਤਿਆ ਐਸੀ ਖੂਬੀ ਨਾਲ ਜਗਤ ਦਾ ਪ੍ਰਬੰਧ ਕਰ ਰਹੀ ਹੈ ਕਿ ਬੇਅੰਤ ਖਲਜਗਣ ਹੁੰਦਿਆਂ ਭੀ ਉਸ ਪ੍ਰਭੂ ਨੂੰ ਕੋਈ ਅਕੇਵਾਂ ਜਾਂ ਖਿੱਜ ਨਹੀਂ ਹੈ ॥3॥

**(ਅ) 4 ਤੋਂ 7** - ਦਾਨ-ਪੁੰਨ ਕਰਨ ਨਾਲ ਜਾਂ ਕੋਈ ਮਾਇਕ ਭੇਟਾ ਪੇਸ਼ ਕਰਨ ਨਾਲ ਜੀਵ ਦੀ ਪ੍ਰਭੂ ਨਾਲੋਂ ਵਿੱਥ ਮਿਟ ਨਹੀਂ ਸਕਦੀ, ਕਿਉਂਕਿ ਇਹ ਦਾਤਾਂ ਤਾਂ ਸਭ ਉਸ ਪਰਮਾਤਮਾ ਦੀਆਂ ਹੀ ਦਿੱਤੀਆਂ ਹੋਈਆਂ ਹਨ। ਉਸ ਪ੍ਰਭੂ ਨਾਲ ਗੱਲਾਂ ਉਸ ਦੀ ਆਪਣੀ ਬੋਲੀ ਵਿੱਚ ਹੀ ਹੋ ਸਕਦੀਆਂ ਹਨ, ਤੇ ਉਹ ਬੋਲੀ ਹੈ 'ਪ੍ਰੇਮ।' ਜੋ ਮਨੁੱਖ ਅੰਮ੍ਰਿਤ ਵੇਲੇ ਉਠ ਕੇ ਉਸ ਦੀ ਯਾਦ ਵਿੱਚ ਜੁੜਦਾ ਹੈ, ਉਸ ਨੂੰ 'ਪ੍ਰੇਮ-ਪਟੋਲਾ' ਮਿਲਦਾ ਹੈ, ਜਿਸ ਦੀ ਬਰਕਤਿ ਨਾਲ ਉਸ ਨੂੰ ਹਰ ਥਾਂ ਪਰਮਾਤਮਾ ਹੀ ਦਿੱਸਣ ਲੱਗ ਪੈਂਦਾ ਹੈ ॥4॥

ਪ੍ਰੇਮ ਨੂੰ ਮਨ ਵਿੱਚ ਵਸਾ ਕੇ ਜੋ ਮਨੁੱਖ ਪ੍ਰਭੂ ਦੀ ਯਾਦ ਵਿੱਚ ਜੁੜਦਾ ਹੈ, ਉਸ ਦੇ ਹਿਰਦੇ ਵਿੱਚ ਸਦਾ ਸੁਖ ਤੇ ਸ਼ਾਂਤੀ ਦਾ ਨਿਵਾਸ ਰਹਿੰਦਾ ਹੈ। ਪਰ ਇਹ ਯਾਦ, ਇਹ ਬੰਦਗੀ ਗੁਰੂ ਪਾਸੋਂ ਮਿਲਦੀ ਹੈ, ਗੁਰੂ ਹੀ ਇਹ ਦ੍ਰਿੜ੍ਹ ਕਰਾਂਦਾ ਹੈ ਕਿ ਪ੍ਰਭੂ ਹਰ ਥਾਂ ਵੱਸ ਰਿਹਾ ਹੈ, ਗੁਰੂ ਦੀ ਰਾਹੀਂ ਹੀ ਜੀਵ ਦੀ ਪ੍ਰਭੂ ਨਾਲੋਂ ਵਿੱਥ ਦੂਰ ਹੁੰਦੀ ਹੈ। ਤਾਂ ਤੇ ਗੁਰੂ ਪਾਸੋਂ ਹੀ ਬੰਦਗੀ ਦੀ ਦਾਤਿ ਮੰਗੀਏ ॥5॥

ਤੀਰਥਾਂ ਦਾ ਇਸ਼ਨਾਨ ਵੀ ਪ੍ਰਭੂ ਦੀ ਪ੍ਰਸੰਨਤਾ ਤੇ ਪਿਆਰ ਦੀ ਪ੍ਰਾਪਤੀ ਦਾ ਵਸੀਲਾ ਨਹੀਂ ਹੈ। ਜਿਸ ਉੱਤੇ ਮਿਹਰ ਹੋਵੇ, ਉਹ ਗੁਰੂ ਦੇ ਰਾਹ 'ਤੇ ਤੁਰ ਕੇ ਪ੍ਰਭੂ ਦੀ ਯਾਦ ਵਿੱਚ ਜੁੜੇ। ਬੱਸ! ਉਸ ਮਨੁੱਖ ਦੀ ਮਤਿ ਵਿੱਚ ਉੱਚਾ ਹੁਲਾਰਾ ਆਉਂਦਾ ਹੈ ॥6॥

ਪ੍ਰਾਣਾਯਾਮ ਦੀ ਸਹਾਇਤਾ ਨਾਲ ਲੰਮੀ ਉਮਰ ਵਧਾਇਆਂ ਜਗਤ ਵਿੱਚ ਭਾਵੇਂ ਮਨੁੱਖ ਦਾ ਮਾਣ ਆਦਰ ਬਣ ਜਾਏ, ਪਰ ਜੇ ਉਹ ਬੰਦਗੀ ਦੇ ਗੁਣ ਤੋਂ ਸੱਖਣਾ ਹੈ ਤਾਂ ਪ੍ਰਭੂ ਦੀ ਮਿਹਰ ਦਾ ਪਾਤਰ ਨਹੀਂ ਬਣਿਆ। ਪ੍ਰਭੂ ਦੀਆਂ ਨਜ਼ਰਾਂ ਵਿੱਚ ਤਾਂ ਉਹ ਨਾਮ-ਹੀਣ ਜੀਵ ਇਕ ਨਿੱਕਾ ਜਿਹਾ ਕੀੜਾ ਹੀ ਹੈ। ਇਹ ਬੰਦਗੀ ਵਾਲਾ ਗੁਣ ਜੀਵ ਨੂੰ ਪ੍ਰਭੂ ਦੀ ਮਿਹਰ ਨਾਲ ਹੀ ਮਿਲ ਸਕਦਾ ਹੈ ॥7॥

**(ੲ) 8 ਤੋਂ 11** - ਸੋ ਪ੍ਰਭੂ ਦੀ ਯਾਦ ਵਿੱਚ ਚਿੱਤ ਜੋੜਨਾ ਹੈ। ਜਿਨ੍ਹਾਂ ਨੇ ਜੋੜਿਆ ਹੈ ਉਨ੍ਹਾਂ ਦੇ ਮਨ ਸਦਾ ਖਿੜੇ ਰਹਿੰਦੇ ਹਨ। ਸਿਫਤਿ-ਸਾਲਾਹ ਵਿੱਚ ਜੁੜ ਕੇ ਸਾਧਾਰਨ ਮਨੁੱਖ ਵੀ ਉੱਚੇ ਆਤਮਿਕ ਮਰਾਤਬੇ ਉੱਤੇ ਜਾ ਅੱਪੜਦੇ ਹਨ, ਉਨ੍ਹਾਂ ਨੂੰ ਪਰਤੱਖ ਜਾਪਦਾ ਹੈ ਕਿ ਪ੍ਰਭੂ ਸਾਰੇ ਖੰਡਾਂ ਬ੍ਰਹਮੰਡਾਂ ਵਿੱਚ ਵਿਆਪਕ ਹੈ, ਤੇ ਧਰਤੀ ਆਕਾਸ਼ ਦਾ ਆਸਰਾ ਹੈ। ਇਉਂ ਹਰ ਥਾਂ ਪ੍ਰਭੂ ਦਾ ਦੀਦਾਰ ਹੋਇਆਂ ਉਨ੍ਹਾਂ ਨੂੰ ਮੌਤ ਦਾ ਡਰ ਵੀ ਪੋਹ ਨਹੀਂ ਸਕਦਾ ॥8॥

ਜਿਉਂ ਜਿਉਂ ਸੁਰਤਿ ਨਾਮ ਵਿੱਚ ਜੁੜਦੀ ਹੈ, ਜੋ ਮਨੁੱਖ ਪਹਿਲਾਂ ਵਿਕਾਰੀ ਸੀ ਉਹ ਭੀ ਵਿਕਾਰ ਛੱਡ ਕੇ ਸਿਫ਼ਤਿ-ਸਾਲਾਹ ਕਰਨ ਵਾਲਾ ਸੁਭਾਉ ਪਕਾ ਲੈਂਦਾ ਹੈ। ਇਸੇ ਤਰ੍ਹਾਂ ਇਹ ਸਮਝ ਆਉਂਦੀ ਹੈ ਕਿ ਕੁਰਾਹੇ ਪਾਏ ਹੋਏ ਗਿਆਨ ਇੰਦਰੇ ਕਿਵੇਂ ਪ੍ਰਭੂ ਨਾਲੋਂ ਵਿੱਥ ਕਰਾਈ ਜਾਂਦੇ ਹਨ ਤੇ ਇਸ ਵਿੱਥ ਨੂੰ ਮਿਟਾਉਣ ਦਾ ਕਿਹੜਾ ਤਰੀਕਾ ਹੈ। ਨਾਮ ਵਿੱਚ ਸੁਰਤਿ ਜੁੜਿਆਂ ਹੀ ਧਰਮ-ਪੁਸਤਕਾਂ ਦਾ ਗਿਆਨ ਮਨੁੱਖ ਦੇ ਮਨ ਵਿੱਚ ਖੁਲ੍ਹਦਾ ਹੈ ॥9॥

ਨਾਮ ਵਿੱਚ ਸੁਰਤਿ ਜੋੜਿਆਂ ਹੀ ਮਨ ਵਿਸ਼ਾਲ ਹੁੰਦਾ ਹੈ, ਲੋੜਵੰਦਾਂ ਦੀ ਸੇਵਾ ਤੇ ਸੰਤੋਖ ਵਾਲਾ ਜੀਵਨ ਬਣਦਾ ਹੈ। ਨਾਮ ਵਿੱਚ ਚੁੱਭੀ ਹੀ ਅਥਾਹ ਤੀਰਥਾਂ ਦਾ ਇਸ਼ਨਾਨ ਹੈ। ਜਗਤ ਦੇ ਕਿਸੇ ਮਾਣ-ਆਦਰ ਦੀ ਪਰਵਾਹ ਨਹੀਂ ਰਹਿ ਜਾਂਦੀ, ਮਨ ਸਹਿਜ ਅਵਸਥਾ ਵਿੱਚ, ਅਡੋਲਤਾ ਵਿੱਚ, ਮਗਨ ਰਹਿੰਦਾ ਹੈ ॥10॥

ਜਿਉਂ ਜਿਉਂ ਸੁਰਤਿ ਨਾਮ ਵਿੱਚ ਜੁੜਦੀ ਹੈ, ਮਨੁੱਖ ਰੱਬੀ ਗੁਣਾਂ ਦੇ ਸਮੁੰਦਰ ਵਿੱਚ ਚੁੱਭੀ ਲਾਂਦਾ ਹੈ। ਸੰਸਾਰ ਇਕ ਅਥਾਹ ਸਮੁੰਦਰ ਹੈ, ਜਿਥੇ ਵਿਛੜਿਆ ਹੋਇਆ ਜੀਵ ਅੰਨ੍ਹਿਆਂ ਵਾਂਗ ਹੱਥ ਪੈਰ ਮਾਰਦਾ ਹੈ, ਪਰ ਨਾਮ ਵਿੱਚ ਜੁੜਿਆ ਜੀਵ ਜੀਵਨ ਦਾ ਸਹੀ ਰਾਹ ਲੱਭ ਲੈਂਦਾ ਹੈ ॥11॥

**(ਸ) 12 ਤੋਂ 15** - ਪ੍ਰਭੂ ਮਾਇਆ ਦੇ ਪ੍ਰਭਾਵ ਤੋਂ ਬੇਅੰਤ ਉੱਚਾ ਹੈ। ਉਸ ਦੇ ਨਾਮ ਵਿੱਚ ਸੁਰਤਿ ਜੋੜ ਜੋੜ ਕੇ ਜਿਸ ਮਨੁੱਖ ਦੇ ਮਨ ਵਿੱਚ ਉਸ ਦੀ ਲਗਨ ਲੱਗ ਜਾਂਦੀ ਹੈ, ਉਸ ਦੀ ਵੀ ਆਤਮਾ ਮਾਇਆ ਦੀ ਮਾਰ ਤੋਂ ਉਤਾਂਹ ਹੋ ਜਾਂਦੀ ਹੈ।

ਜਿਸ ਮਨੁੱਖ ਦੀ ਪ੍ਰਭੂ ਨਾਲ ਲਗਨ ਲੱਗ ਜਾਏ, ਉਸ ਦੀ ਆਤਮਿਕ ਉੱਚਤਾ ਨਾ ਕੋਈ ਬਿਆਨ ਕਰ ਸਕਦਾ ਹੈ, ਨਾ ਲਿਖ ਸਕਦਾ ਹੈ ॥12॥

ਪ੍ਰਭੂ-ਚਰਨਾਂ ਦੀ ਪ੍ਰੀਤ ਮਨੁੱਖ ਦੇ ਮਨ ਵਿੱਚ ਚਾਨਣ ਕਰ ਦੇਂਦੀ ਹੈ, ਸਾਰੇ ਸੰਸਾਰ ਵਿੱਚ ਉਸ ਨੂੰ ਪਰਮਾਤਮਾ ਹੀ ਦਿੱਸਦਾ ਹੈ। ਉਸ ਨੂੰ ਵਿਕਾਰਾਂ ਦੀਆਂ ਚੋਟਾਂ ਨਹੀਂ ਵੱਜਦੀਆਂ ਤੇ ਨਾ ਹੀ ਉਸ ਨੂੰ ਮੌਤ ਡਰਾ ਸਰਦੀ ਹੈ ॥13॥

ਯਾਦ ਦੀ ਬਰਕਤਿ ਨਾਲ ਜਿਉਂ-ਜਿਉਂ ਮਨੁੱਖ ਦਾ ਪਿਆਰ ਪਰਮਾਤਮਾ ਨਾਲ ਬਣਦਾ ਹੈ, ਇਸ ਸਿਮਰਨ -ਰੂਪ 'ਧਰਮ' ਨਾਲ ਉਸ ਦਾ ਇਤਨਾ ਡੂੰਘਾ ਸਬੰਧ ਬਣ ਜਾਂਦਾ ਹੈ ਕਿ ਕੋਈ ਰੁਕਾਵਟ ਉਸ ਨੂੰ ਇਸ ਸਹੀ ਨਿਸ਼ਾਨੇ ਤੋਂ ਉਖੇੜ ਨਹੀਂ ਸਕਦੀ, ਹੋਰ ਲਾਂਭੇ ਦੀਆਂ ਪਗ-ਡੰਡੀਆਂ ਉਸ ਨੂੰ ਕੁਰਾਹੇ ਨਹੀਂ ਪਾ ਸਕਦੀਆਂ ॥14॥

ਇਸ ਲਗਨ ਦੀ ਬਰਕਤਿ ਨਾਲ ਉਹ ਸਾਰੇ ਬੰਧਨ ਟੁੱਟ ਜਾਂਦੇ ਹਨ, ਜਿਨ੍ਹਾਂ ਨੇ ਪ੍ਰਭੂ ਨਾਲੋਂ ਵਿੱਥ ਪਾਈ ਹੋਈ ਸੀ। ਐਸੀ ਲਗਨ ਵਾਲਾ ਬੰਦਾ ਨਿਰਾ ਆਪ ਹੀ ਨਹੀਂ ਬਚਦਾ, ਆਪਣੇ ਪ੍ਰਵਾਰ ਦੇ ਜੀਆਂ ਨੂੰ ਭੀ ਖਸਮ ਪ੍ਰਭੂ ਦੇ ਲੜ ਲਾ ਲੈਂਦਾ ਹੈ। ਇਹ ਦਾਤਿ ਜਿਨ੍ਹਾਂ ਨੂੰ ਗੁਰੂ ਤੋਂ ਮਿਲਦੀ ਹੈ, ਉਹ ਪ੍ਰਭੂ-ਦਰ ਤੋਂ ਖੁੰਝ ਕੇ ਹੋਰ ਪਾਸੇ ਨਹੀਂ ਭਟਕਦੇ ॥15॥

# ਗੁਰੂ ਤੇਗ ਬਹਾਦਰ ਅਤੇ ਮਨੁੱਖੀ ਅਜ਼ਾਦੀ

ਪ੍ਰੋ. ਗੁਰਨਾਮ ਸਿੰਘ ਡੱਲੀ



ਜਦੋਂ ਹਿੰਦੂ ਸੰਸਕ੍ਰਿਤੀ, ਮੁਸਲਮਾਨੀ ਹੱਲਿਆਂ ਦੀ ਮਾਰ ਨ ਸਹਾਰ ਕੇ ਜਰਵਾਣਿਆਂ ਅੱਗੇ ਚੁਫਾਲ ਡਿੱਗ ਪਈ ਤੇ ਰਾਜਸੀ ਅਤੇ ਧਾਰਮਿਕ ਸੁਤੰਤਰਤਾ ਗੁਆ ਬੈਠੀ ਤਾਂ ਉਸ ਸਮੇਂ ਗੁਰੂ ਨਾਨਕ ਸਾਹਿਬ ਨੇ 'ਨਾਮ ਦੀ ਚੜ੍ਹਦੀ ਕਲਾ ਤੇ 'ਸਰਬੱਤ ਦੇ ਭਲੇ' ਦਾ ਨਾਅਰਾ ਦੇ ਕੇ ਮਨੁੱਖੀ ਚੇਤਨਾ ਨੂੰ ਜਗਾਇਆ। ਇਸ ਮੌਕੇ ਭਾਰਤ-ਵਾਸੀ ਭੈਭੀਤ ਸਨ ਤੇ ਉਹ ਆਪਣਾ ਸ੍ਵੈਮਾਨ ਤੇ ਸੁਤੰਤਰਤਾ ਦੋਵੇਂ ਗੁਆ ਬੈਠੇ ਸਨ। ਉਨ੍ਹਾਂ ਦੀ ਧਾਰਮਿਕਤਾ ਨਿਰਾ ਦਿਖਾਵੇ ਮਾਤ੍ਰ ਸੀ। ਦੂਜੇ ਪਾਸੇ ਮੁਸਲਮਾਨ ਲਈ, ਗੈਰ ਮੁਸਲਿਮ ਦਾ ਸ਼ੁਭ ਚਿੰਤਕ ਹੋਣਾ ਇਕ ਤਰ੍ਹਾਂ ਧਰਮ ਈਮਾਨ ਤੋਂ ਬਾਹਰੀ ਗੱਲ ਮੰਨੀ ਜਾਂਦੀ ਸੀ। ਇਸ ਹਾਲਤ ਵਿਚ 'ਚੜ੍ਹਦੀ ਕਲਾ' ਤੇ 'ਸਰਬੱਤ ਦੇ ਭਲੇ' ਦਾ ਦਾਰੂ ਦੋਹਾਂ ਧਿਰਾਂ ਦੀ ਸਿਹਤ ਲਈ ਅਤਿ ਜ਼ਰੂਰੀ ਸੀ। ਡਾਢਾ, ਮਾੜੇ ਨੂੰ ਮਾਰਦਾ ਸੀ ਤੇ ਮਾੜਾ, ਡਾਢੇ ਤੋਂ ਮਾਰ ਖਾਂਦਾ ਸੀ; ਗੁਰੂ ਸਾਹਿਬ ਨੂੰ ਇਹ ਦੋਵੇਂ ਗੱਲਾਂ ਨਾ-ਪਸੰਦ ਸਨ। ਉਹ ਚਾਹੁੰਦੇ ਸਨ ਕਿ ਤਾਕਤਵਰ, ਤਾਕਤਵਰ ਨਾਲ ਜੂਝੇ; ਜੇ ਪਾੜ-ਖਾਣੇ ਬਘਿਆੜ ਗਊਆਂ ਉੱਤੇ ਟੁੱਟ ਪੈਣ ਤੇ ਹੱਤਿਆ ਕਰਨ ਤਾਂ ਇਹ ਕੋਈ ਨਿਆਂ ਨਹੀਂ। ਬਰਾਬਰ ਦੀ ਟੱਕਰ ਹੋਵੇ ਤਾਂ ਇਹ ਕੋਈ ਹਰਜੇ ਵਾਲੀ ਗੱਲ ਨਹੀਂ, ਆਖ਼ਰ ਜ਼ਿੰਦਗੀ ਇਕ ਸੰਗ੍ਰਾਮ ਹੈ। ਸ਼ਕਤੀਵਾਨ, ਸ਼ਕਤੀਵਾਨ ਨਾਲ ਟੱਕਰੇ ਤਾਂ ਕੋਈ ਗਿਲਾ ਨਹੀਂ:

**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥** (ਪੰਨਾ ੩੬੦)

ਇਥੇ ਜਰਵਾਣਿਆਂ ਨੇ ਭਾਰਤ ਦੀ ਧਾਰਮਕ ਮਾਨਤਾ, ਬੋਲ ਬਾਣੀ, ਪਹਿਰਾਵਾ, ਖਾਣ-ਪੀਣ ਤੇ ਰਹਿਣ-ਸਹਿਣ ਸੱਭੇ ਮਲੀਆਮੇਟ ਕਰ ਛੱਡਿਆ ਸੀ ਤੇ ਇਹ ਲੋਕ ਸਭ ਪਾਸਿਓਂ ਬੇਪਤ ਸਨ। ਖਾਸ ਕਰਕੇ ਮੁਗਲ ਜ਼ਮਾਨੇ ਵਿਚ ਹਾਲਤ ਤਰਸਯੋਗ ਹੋ ਗਈ ਸੀ।

ਭਗਤੀ ਲਹਿਰ ਦੇ ਸੰਤਾਂ ਨਾਲੋਂ ਗੁਰੂ ਨਾਨਕ ਸਾਹਿਬ ਦੀ ਇਹੋ ਵਿਸ਼ੇਸ਼ਤਾ ਸੀ ਕਿ ਉਨ੍ਹਾਂ ਨੂੰ ਇਹ ਸਭ ਕੁਝ ਚੁੱਭਦਾ ਸੀ। ਉਹ ਬ੍ਰਹਮ ਗਿਆਨੀ ਹੋਣ ਦੇ ਬਾਵਜੂਦ ਸ੍ਵੈਮਾਨੀ ਸਨ ਤੇ ਹਿੰਦ ਦਾ ਕੌਮੀ ਸ੍ਵੈਮਾਨ ਨਸ਼ਟ ਹੁੰਦਾ ਦੇਖ ਕੇ ਸਹਿ ਨਹੀਂ ਸੀ ਸਕਦੇ:

**ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥**
(ਪੰਨਾ ੧੪੨)

**ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥**
**ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ॥...**
**ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥** (ਪੰਨਾ ੧੧੯੧)
**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥**
(ਪੰਨਾ ੪੭੦)

**ਅਭਾਖਿਆ ਕਾ ਕੁਠਾ ਬਕਰਾ ਖਾਣਾ॥**
**ਚਉਕੇ ਉਪਰਿ ਕਿਸੈ ਨਾ ਜਾਣਾ॥** (ਪੰਨਾ ੪੭੨)

ਗੁਲਾਮੀ ਦੇ ਇਹ ਕਾਰੀ ਜ਼ਖ਼ਮ ਇਕ ਦਿਨ ਵਿਚ ਰਾਜ਼ੀ ਨਹੀਂ ਸੀ ਹੋ ਸਕਦੇ। ਇਸ ਕਰਕੇ ਗੁਰੂ ਨਾਨਕ ਸਾਹਿਬ ਨੇ ਸਿੱਖ ਲਹਿਰ ਨੂੰ ਯੋਜਨਾਬੱਧ ਕਰਨ ਲਈ ਗੁਰਗੱਦੀ ਨੂੰ ਦਸ ਵਿਅਕਤੀਆਂ ਤਕ ਚਲਾਇਆ; ਥਾਂ-ਥਾਂ 'ਸੰਗਤਾਂ' ਕਾਇਮ ਕੀਤੀਆਂ; ਧਰਮਸ਼ਾਲਵਾਂ ਥਾਪੀਆਂ ਤਾਂ ਕਿ ਨੇਕੀ ਦੀ ਸ਼ਕਤੀ ਸੰਗਠਿਤ ਹੋ ਕੇ ਬਦੀ ਨਾਲ ਟੱਕਰ ਲੈ ਸਕੇ। ਸਿੱਖਾਂ ਨੂੰ ਉਨ੍ਹਾਂ ਸਾਵਧਾਨ ਵੀ ਕਰ ਦਿੱਤਾ ਕਿ ਇਹ ਮਾਲਾ ਫੜ ਕੇ ਜਾਂ ਏਕਾਂਤਵਾਸ ਲੈ ਕੇ ਦਿਨ-ਕਟੀ ਕਰਨ ਦਾ ਸਮਾਂ ਨਹੀਂ, ਸਗੋਂ ਸਿਰ ਤਲੀ 'ਤੇ ਰੱਖ ਕੇ ਚੱਲਣ ਦਾ ਵੇਲਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ।**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
**ਇਤੁ ਮਾਰਗਿ ਪੈਰੁ ਧਰੀਜੈ॥**
**ਸਿਰੁ ਦੀਜੈ ਕਾਣਿ ਨ ਕੀਜੈ॥**
(ਪੰਨਾ ੧੪੧੨)

ਇਸ ਜਬਰ-ਜ਼ੁਲਮ ਦੇ ਖਿਲਾਫ ਕਈ ਵਿਰੋਧ ਉਠੇ ਪਰ ਇਹ ਸਭ ਵਿਅਕਤੀਗਤ ਕਿਸਮਤ ਦੇ ਸਨ। ਮੁਗਲਾਂ ਨੇ ਰਾਜਪੂਤਾਂ ਦਾ ਰਾਜ ਹੀ ਨਹੀਂ ਖੋਹਿਆ ਸਗੋਂ ਉਨ੍ਹਾਂ ਦੀਆਂ ਧੀਆਂ ਦੇ ਡੋਲੇ ਮਹੱਲਾਂ ਵਿਚ ਲਿਆ ਕੇ ਉਨ੍ਹਾਂ

ਦੀ ਸਮਾਜਿਕ ਸ਼ਾਨ ਨੂੰ ਵੀ ਦਾਗੀ ਕੀਤਾ। ਇਸ ਵਿਰੁੱਧ ਕੁਝ ਹੱਦ ਤੱਕ ਰਾਣਾ ਪ੍ਰਤਾਪ ਨੇ ਬਗਾਵਤ ਕੀਤੀ; ਸ਼ਿਵਾ ਜੀ ਨੇ ਮਰਾਠਿਆਂ ਨੂੰ ਤਿਆਰ ਕੀਤਾ; ਗੋਕਲ ਨੇ ਜਾਟਾਂ ਤੇ ਖ਼ੁਸ਼ਹਾਲ ਖਾਂ ਖ਼ਟਕ ਨੇ ਪਠਾਣਾਂ ਨੂੰ ਲੜਾਇਆ। ਇਹ ਸਮੇਂ-ਸਮੇਂ ਦੀਆਂ ਲਾਟਾਂ ਸਨ ਲੇਕਿਨ ਗੁਰੂਆਂ ਨੇ ਪੰਜਾਬ ਵਿਚ ਜਥੇਬੰਦ ਯਤਨਾਂ ਦੁਆਰਾ ਜੁਆਲਾਮੁਖੀ ਜਗਾ ਕੇ ਇਸ ਆਜ਼ਾਦੀ ਦੀ ਲਹਿਰ ਨੂੰ ਬਾਕਾਇਦਾ ਚਲਾਇਆ।

ਗੁਰੂ ਨਾਨਕ ਸਾਹਿਬ ਨੇ ਉਮਰ ਭਰ ਸਾਰੇ ਹਿੰਦ ਵਿਚ ਫਿਰ ਕੇ ਰੱਤ-ਪੀਣੇ ਕਸਾਈ ਰਾਜਿਆਂ ਦੀ ਰੱਜ ਕੇ ਨਿਖੇਧੀ ਕੀਤੀ, ਤੇ ਪਰਾਇਆ ਹੱਕ ਖਾਣ ਵਾਲਿਆਂ ਨੂੰ ਨਿੰਦਿਆ। ਆਪ ਨੇ ਅੰਧੀ ਰੱਯਤ ਨੂੰ ਨਿਰਭੈਤਾ ਦਾ ਜੀਵਨ ਬਸਰ ਕਰਨ ਦੀ ਜਾਚ ਦੱਸੀ ਕਿ ਰਾਜਸੀ ਭੈ ਇਕ ਹਊਆ ਹੀ ਹੈ, ਮਨ ਤਕੜਾ ਹੋਵੇ ਤਾਂ ਇਹ ਡਰ ਦਾ ਤਾਪ ਉਤਾਰਿਆ ਜਾ ਸਕਦਾ ਹੈ, ਨਿਰਭੈਤਾ ਹੀ ਆਜ਼ਾਦ ਜੀਵਨ ਦਾ ਮੁੱਖ ਲੱਛਣ ਹੈ :

**ਡਰੀਐ ਜੇ ਡਰੁ ਹੋਵੈ ਹੋਰੁ॥**
**ਡਰਿ ਡਰਿ ਡਰਣਾ ਮਨ ਕਾ ਸੋਰੁ॥**

(ਪੰਨਾ ੧੫੧)

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ॥**

(ਪੰਨਾ ੪੭੩)

ਗੁਰੂ ਅੰਗਦ ਸਾਹਿਬ ਨੇ ਲੋਕਾਂ ਵਿਚ ਦੇਸ਼ ਦੀ ਲਿਪੀ ਤੇ ਬੋਲੀ ਬਾਰੇ ਸ੍ਵੈਮਾਨ ਜਗਾਇਆ ਤੇ ਗੁਰੂ ਅਮਰਦਾਸ ਸਾਹਿਬ ਨੇ ਸਾਂਝਾ ਲੰਗਰ ਲਾ ਕੇ ਸਾਂਝੀ ਪੰਗਤ ਬਿਠਾ ਕੇ ਜਾਤ-ਪਾਤ ਦਾ ਵਹਿਮ ਤੋੜਿਆ ਤੇ ਮਨੁੱਖੀ ਏਕਤਾ ਦਾ ਸਬਕ ਦ੍ਰਿੜ੍ਹਾਇਆ। ਗੁਰੂ ਰਾਮਦਾਸ ਜੀ ਨੇ ਕਿਰਤੀ ਗਰੀਬ ਸਿੱਖਾਂ ਦੀ ਨਵੀਂ ਬਸਤੀ 'ਗੁਰੂ ਦਾ ਚੱਕ' ਵਸਾ ਕੇ ਇਸ ਏਕਤਾ ਨੂੰ ਹੋਰ ਮਜ਼ਬੂਤ ਕੀਤਾ ਤੇ ਸਿੱਖਾਂ ਵਿਚ ਨਿਰਭੈਤਾ ਦੀ ਭਾਵਨਾ ਜਗਾਈ :

**ਸੇ ਮੁਕਤੁ ਸੇ ਮੁਕਤੁ ਭਏ ਜਿਨ ਹਰਿ ਧਿਆਇਆ ਜੀ**
**ਤਿਨ ਤੂਟੀ ਜਮ ਕੀ ਫਾਸੀ॥**
**ਜਿਨ ਨਿਰਭਉ ਜਿਨ ਹਰਿ ਨਿਰਭਉ ਧਿਆਇਆ ਜੀ**
**ਤਿਨ ਕਾ ਭਉ ਸਭੁ ਗਵਾਸੀ॥**

(ਪੰਨਾ ੧੧)

**ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ**
**ਤਿਨਿ ਜਨਿ ਸਭਿ ਡਰ ਸਟਿ ਘਤੇ ਰਾਮ॥**

(ਪੰਨਾ ੫੪੦)

ਗੁਰੂ ਅਰਜਨ ਸਾਹਿਬ ਨੇ ਸਾਂਝਾ ਧਰਮ ਅਸਥਾਨ ਹਰਿਮੰਦਰ ਤੇ ਸਾਂਝਾ ਧਰਮ ਗ੍ਰੰਥ ਗੁਰੂ ਗ੍ਰੰਥ ਸਾਹਿਬ ਬਣਾ ਕੇ ਇਸ ਲਹਿਰ ਨੂੰ ਇਕ ਸੁਤੰਤਰ ਧਰਮ ਦਾ ਰੂਪ ਦਿੱਤਾ ਤੇ ਥਾਂ-ਥਾਂ ਤੋਂ ਇਹ ਧੁਨ ਸੁਣਾਈ ਦੇਣ ਲੱਗੀ :

**ਨਾ ਹਮ ਹਿੰਦੂ ਨ ਮੁਸਲਮਾਨ॥**
**ਅਲਹ ਰਾਮ ਕੇ ਪਿੰਡੁ ਪਰਾਨ॥**

(ਪੰਨਾ ੧੧੩੬)

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**
**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**

(ਪੰਨਾ ੧੦੯੬)

ਹੁਣ ਸਿੱਖੀ ਦਾ ਜਲਵਾ ਸਾਫ ਦਿੱਸਣ ਲੱਗ ਪਿਆ ਸੀ ਤੇ ਰਾਜ-ਸੱਤਾ ਦੇ ਮਾਲਕ ਜਰਵਾਣੇ ਤੇ ਮਜ਼੍ਹਬੀ ਆਗੂ ਦੋਵੇਂ ਤਿਲਮਿਲਾ ਰਹੇ ਸਨ। 'ਤੋਜ਼ਕਿ ਜਹਾਂਗੀਰੀ' ਵਿੱਚ ਬਾਦਸ਼ਾਹ ਜਹਾਂਗੀਰ ਦੇ ਇਹ ਲਫਜ਼ ਧਿਆਨ ਯੋਗ ਹਨ :

'ਤਿੰਨ ਚਾਰ ਪੀੜ੍ਹੀਆਂ ਤੋਂ ਇਹ ਸਿੱਖੀ ਦੀ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ ਗੁਰੂ ਨੂੰ ਮੁਸਲਮਾਨੀ ਮੱਤ ਵਿਚ ਲਿਆਉਣਾ ਚਾਹੀਦਾ ਹੈ।'

*'ਅਜ ਸਿਹ ਚਹਾਰ ਪੁਸ਼ਤਿਉਂ ਈਂ ਦੁਕਾਨਿ ਰਾ ਗਰਮਮੀਦਾਸ਼ਤੰਦ ਮੁਦੱਤਹ ਬਖ਼ਾਤਰ ਮੀਗੁਜ਼ਸ਼ਤ ਕਿ ਈਂ ਦੁਕਾਨਿ ਬਾਤਲ ਰਾ ਬਰਤਰਫ਼ ਬਾਯਦ ਸਾਖ਼ਤ, ਉਰਾ ਦਰ ਜਰਗਾਇ ਅਹਲਿ ਇਸਲਾਮ ਦਰ ਬਾਯਦ ਆਵੁਰਦ।' (ਤੋਜ਼ਕਿ ਜਹਾਂਗੀਰੀ)*

ਇਤਿਹਾਸ ਦੇ ਪਾਠਕ ਇਹ ਜਾਣਦੇ ਹੀ ਹਨ ਕਿ ਕਿਸ ਤਰ੍ਹਾਂ ਇਸ ਮਜ਼ਬੀ ਜਨੂੰਨ ਵਿਚ ਜਹਾਂਗੀਰ ਨੇ ਗੁਰੂ ਅਰਜਨ ਸਾਹਿਬ ਨੂੰ ਤਸੀਹੇ ਦੇ ਕੇ ਮਾਰ ਮੁਕਾਉਣ ਦਾ ਫ਼ੁਰਮਾਨ ਜਾਰੀ ਕੀਤਾ। ਦੂਜੇ ਪਾਸੇ ਸ਼ੇਖ ਅਹਿਮਦ ਸਰਹੰਦੀ (੧੫੬੧-੧੬੨੪) ਜੋ ਆਪਣੇ ਆਪ ਨੂੰ ਮੁਜੱਦਦ ਅਲਫਸਾਨੀ ਕਹਾਉਂਦਾ ਸੀ ਤੇ ਅਕਬਰ ਬਾਦਸ਼ਾਹ ਵੱਲੋਂ ਸਾਂਝ ਤੇ ਰਵਾਦਾਰੀ ਦੀ ਲਹਿਰ ਨੂੰ ਕੱਟ ਕੇ ਨਿਰੋਲ ਮੁਸਲਮ ਤੁਅੱਸਬ ਨੂੰ ਗਰਮਾਉਂਦਾ ਸੀ, ਇਸ ਕੱਟੜ ਫਿਰਕਾਪ੍ਰਸਤੀ ਨੇ ਰਾਜ-ਸੱਤਾ ਦੀ ਸ਼ਕਤੀ ਨਾਲ ਇਸਲਾਮ ਦੀ ਜਵਾਲਾ ਪ੍ਰਚੰਡ ਕਰਨ ਲਈ ਪੂਰੇ ਯਤਨ ਕੀਤੇ। ਉਹ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਉਪਰੰਤ ਸ਼ੇਖ ਫਰੀਦ ਬੁਖਾਰੀ ਨੂੰ ਖ਼ਤ ਲਿਖਦਾ ਹੋਇਆ ਕਹਿੰਦਾ ਹੈ -

'ਇਸ ਸਮੇਂ ਗੋਇੰਦਵਾਲ ਵਾਲੇ ਲਾਨਤੀ ਕਾਫਰ ਦਾ ਮਾਰਿਆ ਜਾਣਾ ਇਕ ਅੱਛੀ ਘਟਨਾ ਹੈ ਤੇ ਮਰਦੂਦ ਹਿੰਦੂਆਂ ਦੀ ਲੱਕ ਤੋੜਵੀਂ ਹਾਰ ਦਾ ਕਾਰਣ ਹੈ। ਇਸ ਕਤਲ ਪਿੱਛੇ ਨੀਅਤ ਜਾਂ ਗਰਜ਼ ਕੁਝ ਵੀ ਹੋਵੇ, ਕਾਫਰਾਂ ਦੀ ਬਰਬਾਦੀ ਹੀ ਇਸਲਾਮ ਲਈ ਨਿਆਮਤ ਹੈ।' 'ਦਰੀਂ ਵਕਤ ਕੁਸ਼ਤਨਿ ਕਾਫਰਿ ਲਈਨਿ ਗੋਇੰਦਵਾਲ, ਬਿਸਯਾਰ ਖ਼ੂਬ ਵਾਕਯਾ ਸੂਦ, ਬਾਇਸਿ ਸ਼ਿਕਸਤਿ ਅਜ਼ੀਮ ਬਰ ਹਨੂਦਿ ਮਰਦੂਦ ਗਸ਼ਤ। ਬਹਰ ਨਿਯਤ ਕਿ ਕੁਸ਼ਤਾ ਬਾਸ਼ੰਦ ਵ ਬਹਰ ਗਰਜ਼ ਕਿ ਹਲਾਕ ਕਰਦਾ, ਖਾਚੀਏ ਕੁੱਫਾਰ ਨਕਦਿ ਅਹਲਿ ਇਸਲਾਮ ਅਸਤ।'

(ਮਕਤੂਬਾਤਿ ਇਮਾਮ ਰੱਬਾਨੀ, ਭਾਗ ਤੀਜਾ, ਖ਼ਤ ਨੰਬਰ ੧੯੩ ਸੰਪਾਦਕ- ਨੂਰ ਅਹਿਮਦ)

ਇਹ ਸੀ ਮੁਸਲਮਾਨੀ ਬਾਦਸ਼ਾਹ ਤੇ ਮੁਸਲਮਾਨੀ ਸ਼ੇਖ ਜਮਾਤ ਦਾ ਨਜ਼ਰੀਆ। ਸਟੇਟ ਤੇ ਚਰਚ ਦੋਵੇਂ ਸਿੱਖ ਲਹਿਰ ਤੋਂ ਔਖੇ ਸਨ। ਜਦੋਂ ਸੋਲ੍ਹਵੀਂ ਸਦੀ ਦੇ ਆਰੰਭ ਨਾਲ ਸਿੱਖੀ ਇਉਂ ਦੁਸ਼ਮਨਾਂ ਦੇ ਸੀਨਿਆਂ ਵਿਚ ਰੜਕਣ ਲੱਗ ਪਈ ਤਾਂ ਸਮੇਂ ਦੀ ਲੋੜ ਨੂੰ ਮੁੱਖ ਰੱਖ ਕੇ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਸ ਦਾ ਭਾਵ ਇਹ ਸੀ ਕਿ ਅਸੀਂ ਪੀਰੀ-ਧਰਮ ਨੂੰ ਤਿਆਗਿਆ ਨਹੀਂ ਸਗੋਂ ਇਸ ਦੀ ਸੁਰੱਖਿਆ ਲਈ ਨਾਲ ਮੀਰੀ-ਰਾਜਨੀਤਿਕ ਸੱਤਾ ਵੀ ਧਾਰ ਲਈ ਹੈ। ਛੱਪਰੀਆਂ ਦੀ ਥਾਂ ਛਾਉਣੀਆਂ ਬਣੀਆਂ, ਮਾਲਾਂ ਦੀ ਥਾਂ ਤੇਗਾਂ ਲਿਸ਼ਕੀਆਂ, ਸੰਤ ਸਿਪਾਹੀ ਰੋਹ ਵਿਚ ਆਏ, ਨਿੱਕੇ-ਮੋਟੇ ਜੰਗ ਹੋਏ ਤੇ ਸਿੱਖ ਲਹਿਰ ਨੇ ਇਕ ਨਵਾਂ ਤਜਰਬਾ ਕੀਤਾ ਕਿ ਜਬਰ ਨਾਲ ਇਉਂ ਵੀ ਸਿੱਝਿਆ ਜਾ ਸਕਦਾ ਹੈ ਅਤੇ ਧਰਮ, ਸੰਸਾਰੀ ਸ਼ਕਤੀ ਨੂੰ ਨੇਕੀ ਦੀ ਤਾਕਤ ਵਧਾਉਣ ਲਈ ਵਰਤ ਸਕਦਾ ਹੈ । ਗੁਰੂ ਹਰਿ ਰਾਇ ਸਾਹਿਬ ਦਾਰਾ ਸ਼ਿਕੋਹ ਵਰਗੇ ਸ਼ਾਂਤੀ-ਪਸੰਦ ਤੇ ਨਿਰਪੱਖ ਨੀਤੀਵਾਨ ਦੇ ਮੁਦੱਈ ਸਨ ਪਰ ਉਸ ਭਲੇ ਆਦਮੀ ਨੂੰ ਸ਼ੈਤਾਨ

ਸਾਮ੍ਹਣੇ ਹਾਰ ਹੋ ਗਈ। ਔਰੰਗਜ਼ੇਬ ਪਿਉ ਨੂੰ ਕੈਦ ਕਰਕੇ ਭਾਈਆਂ ਨੂੰ ਕਤਲ ਕਰ ਕੇ ੧੬੫੮ ਈ. ਵਿਚ ਰਾਜ ਗੱਦੀ 'ਤੇ ਬੈਠਾ। ਗੁਰੂ ਹਰਿ ਰਾਇ ਸਾਹਿਬ ਤੇ ਗੁਰੂ ਹਰਿ ਕਿਸ਼ਨ ਸਮੇਂ ਸਿੱਖ ਲਹਿਰ ਦਾ ਇਹੋ ਰਵੱਈਆ ਰਿਹਾ ਕਿ ਜਾਬਰ ਜਰਵਾਣੇ ਦੇ ਮੱਥੇ ਨਹੀਂ ਲੱਗਣਾ, ਨਾ ਮਿਲਵਰਤਣ ਰੱਖਣੀ ਹੈ। ਇਸ ਪ੍ਰਣ ਨੂੰ ਪਕਿਆਈ ਨਾਲ ਨਿਭਾਇਆ ਗਿਆ। ਹੁਣ ਔਰੰਗਜ਼ੇਬ ਵਰਗਾ ਕੱਟੜ ਬਾਦਸ਼ਾਹ ਇਹ ਕਿਵੇਂ ਪਸੰਦ ਕਰ ਸਕਦਾ ਸੀ ਕਿ ਪੰਜਾਬ ਵਿੱਚ ਧਾਰਮਿਕ ਤੇ ਰਾਜਸੀ ਆਜ਼ਾਦੀ ਦੀ ਲਹਿਰ ਸਿਰ ਉਠਾਵੇ ਤੇ ਗ਼ੈਰ ਮੁਸਲਮਾਨ ਸੁਤੰਤਰ ਵਿਚਰ ਸਕਣ ! ਜਿਥੇ ਸ਼ੇਖ ਅਹਿਮਦ ਸਰਹੰਦੀ ਨੇ ਜਹਾਂਗੀਰ ਦੇ ਕੰਨ ਭਰ ਕੇ ਗੁਰੂ ਅਰਜਨ ਸਾਹਿਬ ਦਾ ਖੂਨ ਲਿਆ, ਉਥੇ ਇਸੇ ਸ਼ੇਖ ਦੇ ਦੋ ਪੁੱਤਰ ਖੁਆਜਾ ਮੁਹੰਮਦ ਸੈਫਦੀਨ ਔਰੰਗਜ਼ੇਬ ਪਾਸ ਦੱਖਣ ਰਹਿੰਦਾ ਇਸ ਨੂੰ ਤੁਅੱਸਬ ਦੀ ਪੱਟੀ ਪੜ੍ਹਾਉਂਦਾ ਰਹਿੰਦਾ। ਸਿੱਟਾ ਇਹ ਹੋਇਆ ਕਿ ਔਰੰਗਾ ਆਪਣੇ ਬਾਬੇ ਦਾ ਵੀ ਪਿਉ ਨਿਕਲਿਆ ਤੇ ਇਸ ਨੇ ਮਜ਼ਬੀ ਤੁਅੱਸਬ ਦੀ ਤਲਵਾਰ ਸੂਤ ਕੇ ਗ਼ੈਰ-ਮੁਸਲਮਾਨਾਂ ਨੂੰ ਹਰ ਤਰ੍ਹਾਂ ਮਲੀਆਮੇਟ ਕਰਨਾ ਸ਼ੁਰੂ ਕਰ ਦਿੱਤਾ।

ਹਿੰਦੂਆਂ ਦੇ ਮੰਦਰ, ਪਾਠਸ਼ਾਲਾ, ਰਸਮ-ਰੀਤਿ ਤੇ ਬਾਹਰੀ ਚਿੰਨ੍ਹ ਸਭੇ ਕ੍ਰੋਪੀ ਦਾ ਸ਼ਿਕਾਰ ਸਨ। ਇਸ ਮੌਕੇ ਗੁਰੂ ਤੇਗ ਬਹਾਦਰ ਆਜ਼ਾਦੀ ਦੀ ਲਹਿਰ ਦੇ ਨੇਤਾ ਬਣੇ। ਉਨ੍ਹਾਂ ਸਾਰੇ ਹਿੰਦੁਸਤਾਨ ਵਿਚ ਇਕੋ ਹੋਕਾ ਦਿੱਤਾ ਕਿ ਜੋ ਦਬੇਲ ਬਣਦਾ ਹੈ, ਉਹ ਕਾਇਰ ਹੈ ; ਜੋ ਦੂਜੇ ਨੂੰ ਭੈਭੀਤ ਕਰਕੇ ਦਬੇਲ ਬਣਾਉਂਦਾ ਹੈ, ਉਹ ਜ਼ਾਲਮ ਹੈ। ਅਸਲ ਸੋਝੀਵਾਨ ਸਾਊ ਮਨੁੱਖ ਉਹੋ ਹੈ ਜੋ ਭੈ ਰਹਿਤ ਜੀਵਨ ਬਿਤਾਉਂਦਾ ਹੈ :

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

(ਪੰਨਾ ੧੪੨੭)

ਉਨ੍ਹਾਂ ਸੁਤੰਤਰ ਮਨੁੱਖ ਦਾ ਸੰਕਲਪ ਹੀ ਇਹ ਰੱਖਿਆ ਜੋ ਦੁਖ ਸੁਖ, ਮਾਨ ਅਪਮਾਨ, ਖੁਸ਼ੀ ਗ਼ਮੀਂ, ਨਿੰਦਾ ਉਸਤਿਤ ਤੇ ਗਰੀਬੀ ਅਮੀਰੀ ਤੋਂ ਉੱਪਰ ਉਠ ਕੇ ਸਮ-ਦ੍ਰਿਸ਼ਟਾ ਬਣੇ, ਨਿਰਭੈਤਾ ਤੇ ਦ੍ਰਿੜ੍ਹਤਾ ਨਾਲ ਅਚਲ ਅਡੋਲ ਹੋ ਕੇ ਆਪਣੇ ਆਦਰਸ਼ ਵੱਲ ਵਧਦਾ ਜਾਵੇ :

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ ਰਹਾਉ॥**
**ਨਹ ਨਿੰਦਿਆ ਨਹ ਉਸਤਿਤ ਜਾ ਕੈ ਲੋਭੁ ਮੋਹੁ ਅਭਿਮਾਨਾ॥**
**ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥੧॥**

(ਪੰਨਾ ੬੩੩)

ਇਸ ਕਿਸਮ ਦੇ ਵਿਚਾਰ ਉਨ੍ਹਾਂ ਪੰਜਾਬ ਵਿਚ ਹੀ ਨਹੀਂ ਪ੍ਰਚਾਰੇ, ਸਗੋਂ ਪੰਜਾਬ ਤੋਂ ਬਾਹਰ ਜਾ ਕੇ ਬੰਗਾਲ, ਅਸਾਮ ਤੱਕ ਵੀ ਇਹ ਨਿਰਭੈਤਾ ਤੇ ਸੁਤੰਤਰਤਾ ਦੀ ਜੀਵਨ-ਜਾਚ ਸਮਝਾਈ, ਜਿਸ ਦਾ ਡੂੰਘਾ ਅਸਰ ਪਿਆ।

ਬਾਦਸ਼ਾਹ ਬਹੁਤ ਘਬਰਾਇਆ। ਉਹ ਸਾਰੀ ਹਿੰਦ-ਵੈਣ ਨੂੰ ਇਕੋ ਚੱਕਰ ਵਿਚ ਮੁਸਲਮਾਨ ਬਣਾ ਲੈਣਾ ਚਾਹੁੰਦਾ ਸੀ। ਆਮ ਹਿੰਦੂ ਭੈਭੀਤ ਹੋ ਕੇ ਬ੍ਰਾਹਮਣਾਂ ਪਾਸ ਪਹੁੰਚੇ ਤੇ ਦੇਸ਼ ਭਰ ਦੇ ੧੬ ਮੁਖੀ ਬ੍ਰਾਹਮਣ ਇਕੱਤਰ ਹੋ ਕੇ ਅਨੰਦਪੁਰ ਗੁਰੂ ਜੀ ਦੀ ਸ਼ਰਣ ਆਏ। ਸਤਿਗੁਰਾਂ ਉਨ੍ਹਾਂ ਨੂੰ ਦ੍ਰਿੜ੍ਹਤਾ ਦਾ ਪਾਠ ਪੜ੍ਹਾਇਆ ਤੇ ਕੁਰਬਾਨੀ ਦਾ ਰਸਤਾ ਦਿਖਾਇਆ :

**ਸਾਧੋ ਇਹੁ ਤਨੁ ਮਿਥਿਆ ਜਾਨਉ॥**
**ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ॥**

(ਪੰਨਾ ੧੧੮੬)

ਔਰੰਗਜ਼ੇਬ ਨੇ ਗੁਰੂ ਸਾਹਿਬ ਦੀ ਸਰਗਰਮੀ ਦੇਖ ਕੇ ਫੌਰਨ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਤੇ ਉਨ੍ਹਾਂ ਨੂੰ ਦਿੱਲੀ ਚਾਂਦਨੀ ਚੌਂਕ ਵਿਚ ਲਿਆ ਕੇ ਕਤਲ ਕਰ ਦਿੱਤਾ।

ਉਨ੍ਹਾਂ ਦੇ ਸਾਮ੍ਹਣੇ ਤਿੰਨ ਗੱਲਾਂ ਰੱਖੀਆਂ ਗਈਆਂ :

੧) ਜੇ ਹਿੰਦੂਆਂ ਦੇ ਪੀਰ ਹੋ, ਤਾਂ ਕਰਾਮਾਤ ਦਿਖਾਓ !

੨) ਜੇ ਇਹ ਨਹੀਂ ਕਰਨਾ ਤਾਂ ਇਸਲਾਮ ਅਪਨਾਓ !

੩) ਵਰਨਾ ਤੀਜੀ ਸਜ਼ਾ ਮੌਤ ਕਬੂਲ ਕਰੋ !

ਗੁਰੂ ਸਾਹਿਬ ਨੇ ਕਿਹਾ, ਸਾਡੇ ਮੱਤ ਵਿਚ ਰੱਬੀ ਹੁਕਮ ਦੇ ਸਨਮੁਖ ਕਰਾਮਾਤ ਦਿਖਾਉਣੀ ਕਹਿਰ ਕਮਾਉਣਾ ਹੈ।

ਇਸਲਾਮ ਵੱਲ ਆਉਣਾ ਆਪਣਾ ਈਮਾਨ ਗੁਆਉਣਾ ਹੈ। ਨਾਟਕ ਚੇਟਕ ਮਦਾਰੀਆਂ ਦਾ ਕੰਮ ਹੈ, ਮਰਦਾਂ ਦਾ ਨਹੀਂ। ਅਸੀਂ ਤਾਂ ਭਾਣੇ ਵਿਚ ਰਹਿ ਕੇ ਜੀਵਨ ਬਸਰ ਕਰਨਾ ਹੈ। ਦੂਜੇ, ਕਿਸੇ ਦੀ ਧਾਰਮਿਕ ਆਜ਼ਾਦੀ ਵਿਚ ਦਖਲਅੰਦਾਜ਼ੀ ਮਨੁੱਖੀ ਸਭਿਆਚਾਰ ਵਿਚ ਪਰਵਾਨ ਨਹੀਂ। ਅਸੀਂ ਨ ਤਿਲਕ ਮੁਦੱਈ ਤੇ ਨ ਜੀਵ ਦੇ ਪਰ ਮਜ਼ਲੂਮ ਲੋਕਾਂ ਦੀ ਬਾਂਹ ਫੜਨਾ, ਹਮਦਰਦੀ ਕਰਨਾ ਸਾਡਾ ਪਹਿਲਾ ਫਰਜ਼ ਹੈ। ਸਰਬੱਤ ਦਾ ਭਲਾ ਸਾਡਾ ਧਰਮ ਹੈ ਤੇ ਇਸ ਧਰਮ ਲਈ ਅਸੀਂ ਕੋਈ ਵੀ ਕੁਰਬਾਨੀ ਕਰਨੋਂ ਨਹੀਂ ਹਿਚਕਾਉਂਦੇ। ਸੋ ਗੁਰੂ ਸਾਹਿਬ ਨੇ ਮੌਤ ਨੂੰ ਖੁਸ਼ੀ-ਖੁਸ਼ੀ ਪਰਵਾਣ ਕੀਤਾ ਤੇ ਆਪਣਾ ਬਲੀਦਾਨ ਦੇ ਕੇ ਈਮਾਨ ਨੂੰ ਸ਼ਕਤੀਵਾਨ ਕੀਤਾ :

**ਠੀਕਰ ਫੋਰਿ ਦਿਲੀਸ ਸਿਰ, ਪ੍ਰਭੁ ਪੁਰਿ ਕੀਆ ਪਿਆਨ॥**
**ਤੇਗ ਬਹਾਦਰ ਸੀ ਕ੍ਰਿਆ, ਕਰੀ ਨ ਕਿਨਹੂੰ ਆਨ॥**
**ਤੇਗ ਬਹਾਦਰ ਕੇ ਚਲਤ, ਭਯੋ ਜਗਤ ਮਹਿ ਸ਼ੋਕ॥**
**ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥**

(ਬਚਿਤ੍ਰ ਨਾਟਕ ਪਾ : ੧੦)

ਇਹ ਗੱਲ ਸੱਚ ਹੈ ਕਿ ਸਤਿਗੁਰਾਂ ਦਾ ਸ਼ਹੀਦੀ ਕਾਰਨਾਮਾ, ਅਦੁੱਤੀ ਹੈਸੀਅਤ ਰੱਖਦਾ ਸੀ। ਆਖਰ ਆਪ ਨੂੰ ਧਰਮ ਦੇ ਪੜਦੇ ਕੱਜਣ ਵਾਲਾ ਤੇ ਹਿੰਦ ਦੀ ਲੱਜ ਰੱਖਣ ਵਾਲਾ ਅਰਥਾਤ ਧਰਮ ਦੀ ਚਾਦਰ ਜਾਂ ਹਿੰਦ ਦੀ ਚਾਦਰ ਕਹਿ ਕੇ ਸਤਿਕਾਰਿਆ ਗਿਆ। ਇਹ ਸਮੁੱਚੇ ਦੇਸ਼ਦੀ ਸ਼ਰਧਾਂਜਲੀ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਜਬਰ ਤੇ ਅਨਿਆਂ ਵਿਰੁੱਧ ਬਗਾਵਤ ਦਾ ਝੰਡਾ ਖੜ੍ਹਾ ਕਰਕੇ ਮਨੁੱਖੀ ਅਜ਼ਾਦੀ ਦੀ ਲਹਿਰ ਨੂੰ ਸਿਖਰ 'ਤੇ ਪਹੁੰਚਾ ਦਿੱਤਾ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਸਾਕਾ ਸਰਹਿੰਦ - ਜਦੋਂ ਇਤਿਹਾਸ ਵੀ ਥਰਥਰਾਉਣ ਲੱਗਦਾ ਹੈ

**ਡਾ. ਹਰਚੰਦ ਸਿੰਘ ਸਰਹਿੰਦੀ**

ਸਿੱਖ ਕੌਮ ਉਸ ਫ਼ੌਲਾਦ ਦੀ ਉਪਜ ਹੈ, ਜਿਸ ਨੂੰ ਸੈਂਕੜੇ ਵਰ੍ਹੇ ਕੁਠਾਲੀ ਵਿਚ ਪਾ ਕੇ ਅਤੇ ਮਘਦੀ ਭੱਠੀ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੈ ਅਤੇ ਫਿਰ ਸਮੇਂ-ਸਮੇਂ ਸਿਰ ਇਸ ਦੀ ਸ਼ਕਤੀ ਤੇ ਸ਼ੁੱਧਤਾ ਨੂੰ ਪਰਖਿਆ ਗਿਆ ਹੈ - ਮੌਤ ਦਾ ਉਹ ਕਿਹੜਾ ਢੰਗ ਹੋਵੇਗਾ, ਜੋ ਸਮੇਂ ਦੇ ਜਾਬਰ ਹੁਕਮਰਾਨਾਂ ਵੱਲੋਂ ਸਿੱਖਾਂ 'ਤੇ ਨਾ ਅਜ਼ਮਾਇਆ ਗਿਆ ਹੋਵੇ। ਇਸ ਤਰ੍ਹਾਂ ਸਿੱਖ ਇਤਿਹਾਸ ਵਿਚ ਸ਼ਹਾਦਤ ਦੀਆਂ ਉਪਰੋਥਲੀ ਵਾਪਰੀਆਂ ਘਟਨਾਵਾਂ ਨੇ ਭਾਰਤੀ ਕੌਮ ਰੂਪੀ ਜੰਗਾਲ ਲੱਗੇ ਲੋਹੇ ਨੂੰ ਫ਼ੌਲਾਦ ਵਿਚ ਬਦਲ ਕੇ ਬੇਹੱਦ ਸ਼ਕਤੀਸ਼ਾਲੀ ਬਣਾ ਦਿੱਤਾ। ਜਾਂ ਇਉਂ ਕਹਿ ਲਵੋ ਕਿ ਤੱਤੀਆਂ ਤਵੀਆਂ ਨੇ, ਉਬਲਦੀਆਂ ਦੇਗਾਂ ਨੇ, ਆਰਿਆਂ ਦਿਆਂ ਦੰਦਿਆਂ ਨੇ, ਚਰਖ਼ੜੀਆਂ ਦਿਆਂ ਹੁਲਾਰਿਆਂ ਨੇ, ਰੰਬੀਆਂ ਦੀਆਂ ਧਾਰਾਂ ਨੇ, ਸਰਹਿੰਦ ਦੀਆਂ ਨੀਹਾਂ ਨੇ, ਚਮਕੌਰ ਵਰਗੀਆਂ ਬੇਜੋੜ ਜੰਗਾਂ ਨੇ, ਭਖ਼ਦੇ ਹੋਏ ਲਾਲ ਗਰਮ ਜੰਬੂਰਾਂ ਨੇ ਅਤੇ ਕੱਟੜਵਾਦੀਆਂ ਵੱਲੋਂ ਸਮੇਂ-ਸਮੇਂ ਸਿਰ ਖੇਡੀ ਖ਼ੂਨ ਦੀ ਹੋਲੀ ਨੇ ਸਿੱਖਾਂ ਵਿਚ ਸਵੈਮਾਨਤਾ, ਬੀਰ ਰਸ, ਚੜ੍ਹਦੀ ਕਲਾ ਅਤੇ ਸੱਚ ਤੇ ਹੱਕ ਦਾ ਜਜ਼ਬਾ ਪੈਦਾ ਕੀਤਾ ਅਤੇ ਉਨ੍ਹਾਂ ਵਿਚ ਨਵੀਂ ਚੇਤਨਾ ਭਰ ਕੇ ਨਵ-ਜੀਵਨ ਬਖਸ਼ਿਆ, ਸਹੀ ਜੀਵਨ-ਜਾਂਚ ਦੱਸੀ ਅਤੇ ਅਣਖ ਨਾਲ ਜਿਊਣਾ ਤੇ ਮਰਨਾ ਸਿਖਾਇਆ। ਇਸ ਤਰ੍ਹਾਂ ਪਿਛਲੇ ਤਿੰਨ ਸੌ ਸਾਲਾਂ ਦਾ ਸਿੱਖ ਇਤਿਹਾਸ ਲਹੂ ਨਾਲ ਲਥਪਥ ਹੈ ਜਾਂ ਕਹਿ ਲਵੋ ਕਿ ਸਿੱਖਾਂ ਨੇ ਇਤਿਹਾਸ ਦੇ ਹਰ ਅੰਗ ਨੂੰ ਆਪਣੇ ਲਹੂ ਨਾਲ ਸ਼ਿੰਗਾਰਿਆ ਹੈ। ਸਾਕਾ ਸਰਹਿੰਦ ਇਸ ਸ਼ਿੰਗਾਰ ਲੜੀ ਦਾ ਸਭ ਤੋਂ ਵੱਧ ਕੀਮਤੀ ਮਣਕਾ ਹੈ।

ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ, ਉਹ ਇਸ ਤੱਥ ਤੋਂ ਬਾਖ਼ੂਬੀ ਵਾਕਿਫ਼ ਹੋਵੇਗਾ ਕਿ ਪਿਛਲੇ ਤਿੰਨ ਸੌ ਸਾਲਾਂ ਦੌਰਾਨ ਜੋ ਤਸੀਹੇ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ 'ਨੰਗੇ ਪਿੰਡੇ' 'ਤੇ ਹੰਢਾਏ ਹਨ, ਉਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਦਿਲ-ਕੰਬਾਊ ਘਟਨਾ (ਸਾਕਾ ਸਰਹਿੰਦ) ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ, ਕਿਉਂਕਿ ਇਸ ਘਟਨਾ ਨੇ ਸਿੱਖ ਸੋਚ ਤੇ ਫ਼ਲਸਫ਼ੇ ਨੂੰ ਨਵੀਆਂ-ਨਕੋਰ ਸੇਧਾਂ ਦਿੱਤੀਆਂ ਅਤੇ ਮੁਗ਼ਲਾਂ ਦੀ ਤਬਾਹੀ ਵਿਚ ਰਾਹ ਪੱਧਰਾ ਕੀਤਾ। ਇਤਿਹਾਸ ਗਵਾਹ ਹੈ ਕਿ ਸਾਕਾ ਸਰਹਿੰਦ ਦੀ ਕੁੱਖ ਵਿਚੋਂ ਇਕ ਉਦਮੀ, ਉਤਸ਼ਾਹੀ, ਸਿਦਕੀ ਤੇ ਆਤਮ-ਵਿਸ਼ਵਾਸੀ ਕੌਮ ਦਾ ਜਨਮ ਹੋਇਆ ਜਾਂ ਇਉਂ ਕਹਿ ਲਵੋ ਕਿ ਸ਼ਹਾਦਤ ਦੀ ਇਸ ਅਦੁੱਤੀ ਘਟਨਾ ਨੇ ਕੌਮ ਦੀਆਂ ਰਗਾਂ ਵਿਚ ਬਾਰੂਦੀ ਸ਼ਕਤੀ ਦਾ ਸੰਚਾਰ ਕੀਤਾ ਅਤੇ ਦੇਸ਼ ਤੇ ਕੌਮ ਦੀ ਤਕਦੀਰ ਤੇ ਤਸਵੀਰ ਨੂੰ ਬਦਲਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਹ ਸਾਕਾ ਸਰਹਿੰਦ ਦੀ ਹੀ ਦੇਣ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ 'ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਮੌਤ ਦਾ ਨੰਗਾ ਨਾਚ ਨੱਚਿਆ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾਂ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿੱਖਾਂ ਲਈ ਸ਼ਕਤੀ ਦਾ ਇਕ ਸੋਮਾ ਹੋ ਨਿੱਬੜੀ। ਦੂਜਾ, ਇਸ ਘਟਨਾ ਨੇ ਸਿੱਖਾਂ ਨੂੰ ਸਹਿਣਸ਼ੀਲਤਾ ਤੇ ਠਰ੍ਹੰਮੇ ਤੋਂ ਕੰਮ ਲੈਂਦਿਆਂ, ਲੰਮੀ ਲੜਾਈ ਲੜਨ ਦੀ ਜਾਂਚ ਸਿਖਾਈ ਅਤੇ 'ਨਿਸ਼ਚੈ ਕਰ ਆਪਨੀ ਜੀਤ ਕਰੋ' ਦਾ ਸਬਕ ਕੰਠ ਕਰਵਾਇਆ। ਤੁਸੀਂ ਵੇਖੋਗੇ ਕਿ ਸਾਕਾ ਸਰਹਿੰਦ ਤੋਂ ਥੋੜ੍ਹੇ ਅਰਸੇ ਬਾਅਦ ਹੀ ਜਦੋਂ ਸਿੱਖ ਹੱਥਾਂ ਵਿਚ ਸ਼ਮਸ਼ੀਰ ਲੈ ਕੇ ਮੈਦਾਨ ਵਿਚ ਨਿੱਤਰੇ ਤਾਂ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ। ਖ਼ੈਰ!

ਆਉ! ਇਤਿਹਾਸ ਦੀਆਂ ਗਲੀਆਂ ਵਿਚ ਘੁੰਮਦਿਆਂ ਅਤੇ ਇਤਿਹਾਸਕ ਦਸਤਾਵੇਜ਼ਾਂ ਦੇ ਅੰਗ-ਸੰਗ ਤੁਰਦਿਆਂ, ਸਾਕਾ ਸਰਹਿੰਦ ਦੇ ਵੱਖ-ਵੱਖ ਪਹਿਲੂਆਂ 'ਤੇ ਝਾਤ ਮਾਰਦਿਆਂ, ਉਸ ਸਥਾਨ 'ਤੇ ਪਹੁੰਚੀਏ ਜਿੱਥੇ ਬਾਬਾ ਬੰਦਾ ਸਿੰਘ ਬਹਾਦਰ, ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ ਸਿੱਖ ਰਾਜ ਦਾ ਨੀਂਹ ਪੱਥਰ ਗੱਡਦਾ ਹੈ, ਯਾਨੀ ਨਵੇਂ ਇਤਿਹਾਸ ਦੀ ਸਿਰਜਣਾ ਕਰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫ਼ਤਹਿ ਸਿੰਘ (7 ਸਾਲ) ਨੂੰ ਸਰਹਿੰਦ ਵਿਖੇ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦੀ ਮੰਦਭਾਗੀ ਘਟਨਾ, ਮੁਗ਼ਲ ਹਕੂਮਤ ਵੱਲੋਂ ਤਾਕਤ ਦੇ ਨਸ਼ੇ ਵਿਚ ਕੀਤੀ ਇਕ ਅਜਿਹੀ ਬੱਜਰ ਗ਼ਲਤੀ ਸੀ, ਜਿਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿਚ ਮਿਲਣੀ ਔਖੀ ਹੈ। ਜੇਮਜ਼ ਬ੍ਰਾਊਨ ਲਿਖਦਾ ਹੈ ਕਿ "ਨਵੇਂ ਧਾਰਮਿਕ ਅਸੂਲਾਂ ਦਾ ਪ੍ਰਚਾਰ ਕਰਨ ਵਾਲਿਆਂ ਉਤੇ ਢਾਹੇ ਜ਼ੁਲਮਾਂ ਦੀਆਂ ਸਾਰੀਆਂ ਮਿਸਾਲਾਂ ਵਿਚੋਂ ਇਹ (ਸਾਕਾ ਸਰਹਿੰਦ) ਸਭ ਤੋਂ ਜ਼ਿਆਦਾ ਕਠੋਰ ਉੱਪਦਰ ਅਤੇ ਨਿਰਦਈ ਅੱਤਿਆਚਾਰ ਹੈ। ਨਿਰਬਲ ਅਤੇ ਨਿਹੱਥੀਆਂ ਇਸਤਰੀਆਂ ਅਤੇ ਬੱਚੇ ਆਮ ਤੌਰ 'ਤੇ ਧਾਰਮਿਕ ਕਰੋਧ ਤੋਂ ਬਚੇ ਰਹਿੰਦੇ ਹਨ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਜੇਕਰ ਇਸ ਘਟਨਾ ਪ੍ਰਤੀ ਸਿੱਖਾਂ ਦਾ ਗੁੱਸਾ ਵੀ ਇਤਨਾ ਹੀ ਸਖ਼ਤ ਸੀ।" ਜੇਮਜ਼ ਬ੍ਰਾਊਨ ਨੇ ਇਸ ਘਟਨਾ ਪ੍ਰਤੀ ਸਿੱਖਾਂ ਦੀ ਲੀਰੋ-ਲੀਰ ਹੋਈ ਮਾਨਸਿਕਤਾ ਦਾ ਸਹੀ ਵਿਸ਼ਲੇਸ਼ਣ ਕੀਤਾ ਹੈ। ਇਸ ਤਰ੍ਹਾਂ ਸੁਭਾਵਿਕ ਹੀ ਸੀ ਕਿ ਸ਼ਹਾਦਤ ਦੀ ਇਸ ਘਟਨਾ ਦੇ ਤਿੱਖੇ ਪ੍ਰਤੀਕ੍ਰਮ ਵਜੋਂ ਸਿੱਖਾਂ ਦੇ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉਠੀ ਅਤੇ ਸਿੱਖਾਂ ਦੇ ਸੰਘਰਸ਼ ਨੇ ਇਕ ਕ੍ਰਾਂਤੀਕਾਰੀ ਲਹਿਰ ਅਤੇ ਜ਼ੁਲਮ ਵਿਰੁੱਧ ਉਠੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ। ਇਸ ਘਟਨਾ ਦੀ ਸਿੱਖ ਮਨਾਂ 'ਤੇ ਉਕਰੇ ਗੂੜ੍ਹੇ ਜ਼ਖ਼ਮਾਂ ਦੀ ਚੀਸ ਨੂੰ ਅੱਜ ਵੀ ਸਹਿਜੇ ਹੀ ਮਹਿਸੂਸ ਕੀਤਾ ਜਾ ਸਕਦਾ ਹੈ। ਇਹੋ ਕਾਰਨ ਹੈ ਕਿ ਸਰਹਿੰਦ ਦਾ ਨਾਂ ਸੁਣਦਿਆਂ ਹੀ ਪੰਜਾਬ ਦੇ ਇਤਿਹਾਸ ਦਾ ਇਕ ਲਹੂ-ਭਿੱਜਿਆ ਕਾਂਡ ਸਾਡੇ ਜ਼ਿਹਨ ਵਿਚ ਉਭਰ ਆਉਂਦਾ ਹੈ, ਯਾਨੀ ਸਰਹਿੰਦ ਦੀ 'ਖ਼ੂਨੀ ਦੀਵਾਰ' ਸਾਡੀ ਚੇਤਨਾ ਦਾ ਵਿਹੜਾ ਮੱਲ ਖਲੋਂਦੀ ਹੈ। ਫਿਰ ਇਸ ਦੁਖਾਂਤ ਤੋਂ ਉਪਜਿਆ ਦਰਦ, ਜੋ ਹਰ ਪੰਜਾਬੀ ਨੂੰ ਪੀੜ੍ਹੀ-ਦਰ-ਪੀੜ੍ਹੀ ਵਿਰਾਸਤ ਵਿਚ ਮਿਲਦਾ ਹੈ, ਇਕ ਲੰਮਾ ਹਾਉਕਾ ਬਣ ਕੇ ਹਿੱਕ ਨੂੰ ਚੀਰਦਾ ਹੋਇਆ ਬਾਹਰ ਨਿਕਲ ਜਾਂਦਾ ਹੈ। ਦਰਅਸਲ, ਇਸ ਅੱਤਿਆਚਾਰ ਪ੍ਰਤੀ ਗੁੱਸੇ ਤੇ ਨਫ਼ਰਤ ਦੀ ਲਾਟ ਜੀਵਨ ਭਰ ਹਰ ਸਿੱਖ ਦੇ ਸੀਨੇ ਵਿਚ ਬਲਦੀ ਰਹਿੰਦੀ ਹੈ। ਸ਼ਾਇਦ, ਸਿੱਖ ਹਿਰਦਿਆਂ ਅੰਦਰ

ਨਿਰੰਤਰ ਬਲਦੀ ਇਸ ਲਾਟ ਸਦਕਾ ਹੀ ਸਿੱਖ ਇਤਿਹਾਸ, ਅਣਮਨੁੱਖੀ ਕਾਰੇ ਕਰਨ ਵਾਲਿਆਂ ਨੂੰ ਕਦੇ ਨਹੀਂ ਬਖ਼ਸ਼ਦਾ। ਖ਼ੈਰ!

ਆਓ! ਸਾਕਾ ਸਰਹਿੰਦ ਅਤੇ ਇਸ ਨਾਲ ਜੁੜੀਆਂ ਮਹੱਤਵਪੂਨ ਘਟਨਾਵਾਂ ਨੂੰ ਇਕ ਸਿਲਸਿਲੇਵਾਰ ਢੰਗ ਨਾਲ ਵਿਚਾਰੀਏ। ਸਾਕਾ ਸਰਹਿੰਦ ਦੀ ਲੜੀ, ਗੁਰੂ ਗੋਬਿੰਦ ਸਿੰਘ ਵੱਲੋਂ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਨਾਲ ਸ਼ੁਰੂ ਹੁੰਦੀ ਹੈ। ਗੁਰੂ ਸਾਹਿਬ ਨੇ 21 ਦਸੰਬਰ, 1704 ਈ. ਨੂੰ ਆਪਣੇ ਪਰਿਵਾਰ ਅਤੇ ਲਗਪਗ 1500 ਸਿੱਖਾਂ ਸਮੇਤ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਕੇ ਰੋਪੜ ਵੱਲ ਕੂਚ ਕਰ ਦਿੱਤਾ। ਸਰਸਾ ਨਦੀ ਦੇ ਕੰਢੇ ’ਤੇ ਮੁਗ਼ਲ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਘਮਸਾਨ ਦਾ ਯੁੱਧ ਹੋਇਆ। ਇਸ ਮੌਕੇ, ਮਾਤਾ ਗੁਜਰੀ (ਗੁਰੂ ਸਾਹਿਬ ਦੇ ਮਾਤਾ ਜੀ) ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ (9 ਸਾਲ) ਅਤੇ ਬਾਬਾ ਫਤਹਿ ਸਿੰਘ (7 ਸਾਲ) ਵਹੀਰ ਨਾਲੋਂ ਨਿਖੜ ਜਾਂਦੇ ਹਨ। ਗੁਰੂ ਘਰ ਦਾ ਰਸੋਈਆ ਗੰਗੂ ਬ੍ਰਾਹਮਣ ਉਨ੍ਹਾਂ ਨੂੰ ਆਪਣੇ ਪਿੰਡ ਸਹੇੜੀ (ਨੇੜੇ ਮੋਰਿੰਡਾ) ਵਿਖੇ ਆਪਣੇ ਘਰ ਲੈ ਗਿਆ। ਇਥੋਂ, ਮੋਰਿੰਡੇ ਦਾ ਕੋਤਵਾਲ, ਮਾਤਾ ਗੁਜਰੀ ਅਤੇ ਦੋਵੇਂ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਕੇ 23 ਦਸੰਬਰ, 1704 ਨੂੰ ਸਰਹਿੰਦ ਦੇ ਸੂਬੇਦਾਰ,ਵਜ਼ੀਰ ਖਾਂ ਦੇ ਹਵਾਲੇ ਕਰ ਦਿੰਦਾ ਹੈ। ਇਨ੍ਹਾਂ ਤਿੰਨਾਂ ਸ਼ਾਹੀ ਕੈਦੀਆਂ ਨੂੰ ਅਗਲੀ ਕਾਰਵਾਈ ਤੱਕ ਠੰਢੇ ਬੁਰਜ ਵਿਚ ਨਜ਼ਰਬੰਦ ਕਰ ਦਿੱਤਾ ਗਿਆ।



24 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸੂਬੇਦਾਰ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਅਤੇ ਸ਼ਾਹੀ ਠਾਠ-ਬਾਠ ਦੀ ਜ਼ਿੰਦਗੀ ਬਤੀਤ ਕਰਨ ਦੀ ਪੇਸ਼ਕਸ਼ ਕੀਤੀ। ਪਰ ਸਾਹਿਬਜ਼ਾਦਿਆਂ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ।

25 ਦਸੰਬਰ ਨੂੰ ਸਾਹਿਬਜ਼ਾਦਿਆਂ ਨੂੰ ਮੁੜ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਫਿਰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਪਰ ਸਾਹਿਬਜ਼ਾਦਿਆਂ ਨੇ ਸਪੱਸ਼ਟ ਸ਼ਬਦਾਂ ਵਿਚ ਆਪਣਾ ਫੈਸਲਾ ਸੁਣਾਉਂਦਿਆਂ ਕਿਹਾ ਕਿ ਉਹ ਆਪਣੇ ਧਰਮ ਨੂੰ ਆਪਣੀ ਜਾਨ ਦੀ ਨਕਦੀ ਨਾਲ ਨਹੀਂ ਵੇਚਣਾ ਚਾਹੁੰਦੇ। ਕੋਈ ਵਾਹ ਨਾ ਚਲਦੀ ਵੇਖ ਕੇ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦਾ ਮੰਦਭਾਗੀ ਫੈਸਲਾ ਆਖ਼ਰ ਦੇ ਹੀ ਦਿੱਤਾ (ਅਤੇ ਨਾਲ ਹੀ ਆਪਣੀ ਮੌਤ ਦੇ ਵਰੰਟਾਂ ’ਤੇ ਵੀ ਹਸਤਾਖ਼ਰ ਕਰ ਦਿੱਤੇ)। ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਇਸ ਫੈਸਲੇ ’ਤੇ ਅਸਹਿਮਤੀ ਪ੍ਰਗਟ ਕਰਦਿਆਂ ‘ਹਾਅ ਦਾ ਨਾਅਰਾ’ ਮਾਰਿਆ, ਜਿਸ ਲਈ ਸਿੱਖ ਉਸ ਦੇ ਸਦਾ ਰਿਣੀ ਰਹਿਣਗੇ।

ਅੰਤ, ਉਹ ਕੁਲਹਿਣੀ ਘੜੀ ਆਣ ਪਹੁੰਚੀ, ਜਿਸ ਬਾਰੇ ਕਿਸੇ ਉਰਦੂ ਸ਼ਾਇਰ ਦੀ ਜ਼ੁਬਾਨੀ ਕਿਹਾ ਜਾ ਸਕਦਾ ਹੈ:

**“ਯਹ ਦੌਰ ਭੀ ਦੇਖਾ ਹੈ, ਤਾਰੀਖ਼ ਕੀ ਨਜ਼ਰੋਂ ਨੇ,**
**ਲਮਹੋਂ ਨੇ ਖਤਾ ਕੀ ਥੀ, ਸਦੀਓਂ ਨੇ ਸਜ਼ਾ ਪਾਈ।”**

ਮਾਸੂਮ ਜਿੰਦਾ ਨੂੰ ਕੰਧ ਵਿਚ ਚਿਣਵਾਇਆ ਜਾਣ ਲੱਗਾ। ਜਦੋਂ ਕੰਧ ਛਾਤੀ ਤੱਕ ਅੱਪੜ ਗਈ ਤਾਂ ਆਰਜ਼ੀ ਢਾਂਚਾ ਧੜੱਮ ਡਿੱਗ ਪਿਆ ਅਤੇ ਸਾਹਿਬਜ਼ਾਦਿਆਂ ਨੂੰ ਇੱਟਾਂ ਵਿਚੋਂ ਬੇਹੋਸ਼ੀ ਦੀ ਹਾਲਤ ਵਿਚ ਬਾਹਰ ਕੱਢਿਆ ਗਿਆ। ਪ੍ਰਸਿੱਧ ਵਿਦਵਾਨ ਤੇ ਖੋਜੀ ਪ੍ਰੋ. ਹਰਬੰਸ ਸਿੰਘ, ਆਪਣੀ ਪੁਸਤਕ, ‘ਗੁਰੂ ਗੋਬਿੰਦ ਸਿੰਘ’ ਦੇ ਪੰਨਾ 121 ਉਤੇ ਲਿਖਦਾ ਹੈ ਕਿ “ਇਸ ਬੇਹੋਸ਼ੀ ਦੀ ਹਾਲਤ ਵਿਚ ਸਾਹਿਬਜ਼ਾਦਿਆਂ ਨੂੰ ਵਾਪਿਸ ਜੇਲ੍ਹ ਵਿਚ ਲੈ ਜਾਇਆ ਗਿਆ, ਜਿੱਥੇ ਕੁਝ ਸਮੇਂ ਬਾਅਦ ਉਹ ਹੋਸ਼ ਵਿਚ ਆ ਗਏ।”

26 ਦਸੰਬਰ ਨੂੰ ਚੁੱਪ ਵਰਤੀ ਰਹੀ।

27 ਦਸੰਬਰ ਨੂੰ ਤੀਜੀ ਤੇ ਅੰਤਮ ਪੇਸ਼ੀ ਵੇਲੇ ਵੀ ਇਸਲਾਮ ਕਬੂਲ ਕਰਨ ਦੀ ਉਹੋ ਰਟ ਦੁਹਰਾਈ ਗਈ, ਪਰ ਸਾਹਿਬਜ਼ਾਦੇ ਸ਼ਾਂਤ ਤੇ ਅਡੋਲ ਰਹੇ। ਅੰਤ, ਸੂਬੇਦਾਰ ਨੇ ਆਪਣੀ ‘ਹਾਰ ਕਬੂਲ ਕਰਦਿਆਂ’ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਨ ਦਾ ਹੁਕਮ ਦੇ ਦਿੱਤਾ। ਸਮਾਣੇ ਦੇ ਜੱਲਾਦਾਂ, ਸਾਸ਼ਲਬੇਗ ਤੇ ਬਾਸ਼ਲ ਬੇਗ ਨੇ, ਉਮਰ ਦੇ ਲਿਹਾਜ਼ ਨਾਲ ਵਾਰੀ-ਵਾਰੀ ਸਾਹਿਬਜ਼ਾਦਿਆਂ ਦੇ ਸਿਰ ਧੜ ਨਾਲੋਂ ਵੱਖ ਕਰ ਦਿੱਤੇ (ਅਤੇ ਨਾਲ ਹੀ ਮੁਗ਼ਲ ਹਕੂਮਤ ਦੀਆਂ ਜੜ੍ਹਾਂ ’ਤੇ ਦੋ ਮਾਰੂ ਟੱਕ ਵੀ ਮਾਰ ਦਿੱਤੇ)। ਇਹੋ ਤੱਥ, ਪ੍ਰੋ. ਹਰਬੰਸ ਸਿੰਘ ਦੇ ਸ਼ਬਦਾਂ ਵਿਚ: “They (Sahibzadas) were slain in the order of their ages by the sword of a ghilzai executioner.” ਬਹੁ-ਸੰਮਤੀ ਇਤਿਹਾਸਕਾਰ ਉਕਤ ਤੱਥ ਦੀ ਪੁਸ਼ਟੀ ਕਰਦੇ ਹਨ। ਸਿੱਖ ਪੰਥ ਦਾ ਮਹਾਨ ਵਿਦਵਾਨ ਰਤਨ ਸਿੰਘ ਭੰਗੂ, ‘ਪ੍ਰਾਚੀਨ ਪੰਥ ਪ੍ਰਕਾਸ਼’ ਵਿਚ ਲਿਖਦਾ ਹੈ:

**ਦੈ ਗੋਡੇ ਹੇਠ, ਕਰ ਜ਼ਿਬਹ ਡਾਰੋ॥**
**ਤੜਫ ਤੜਫ ਗਈ ਜਿੰਦ ਉਡਾਇ॥**

(‘ਜ਼ਿਬਹ’, ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਛੁਰੀ ਨਾਲ ਹਲਾਲ ਕਰਨਾ)। ਮੁੱਕਦੀ ਗੱਲ, ਸਾਹਿਬਜ਼ਾਦਿਆਂ ਨੂੰ ਕਿਸੇ ਤੇਜ਼ਧਾਰ ਹਥਿਆਰ ਨਾਲ ਸ਼ਹੀਦ ਕੀਤਾ ਗਿਆ। ਸੋ, ਇਹ ਧਾਰਨਾ ਬੇਬੁਨਿਆਦ ਹੈ ਕਿ ਸਾਹਿਬਜ਼ਾਦੇ, ਦੀਵਾਰ ਵਿਚ ਚਿਣਵਾਏ ਜਾਣ ਦੇ ਸਿੱਟੇ ਵਜੋਂ ਦਮ ਘੁਟਣ ਕਾਰਨ ਸ਼ਹੀਦ ਹੋ ਗਏ ਸਨ।

ਮਾਤਾ ਗੁਜਰੀ ਬਿਰਧ ਅਵਸਥਾ ਕਾਰਨ ਇਹ ਸਦਮਾ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਅਤੇ ਮੁੜ ਹੋਸ਼ ਵਿਚ ਨਾ ਆਏ। ਗੁਰੂ ਘਰ ਦੇ ਉਪਾਸ਼ਕ ਦੀਵਾਨ ਟੋਡਰ ਮੱਲ ਨੇ ਇਨ੍ਹਾਂ ਤਿੰਨਾਂ ਸ਼ਹੀਦਾਂ ਦੀਆਂ ਦੇਹਾਂ ਦਾ ਅੰਤਮ ਸਸਕਾਰ ਕਰਨ ਦਾ ਪ੍ਰਬੰਧ ਕੀਤਾ।

**ਨਵੇਂ ਇਤਿਹਾਸ ਦੀ ਸਿਰਜਣਾ** - ਇਹ ਸਾਕਾ ਸਰਹਿੰਦ ਦਾ ਹੀ ਪ੍ਰਤੀਕਰਮ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸ਼ਾਂਤੀ ਮੱਠ ਨੂੰ ਅਲਵਿਦਾ ਆਖ, ਦੋਸ਼ੀਆਂ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਦੇਣ ਲਈ ਪੰਜਾਬ ਦੇ ਇਤਿਹਾਸਕ ਰੰਗ-ਮੰਚ ’ਤੇ ਅਚਾਨਕ ਇਕ ਨਾਇਕ ਦੇ ਤੌਰ ’ਤੇ ਉਭਰ ਕੇ ਸਾਹਮਣੇ ਆਇਆ।

ਜਿੱਤਾਂ ਦੇ ਇਕ ਲੰਬੇ ਸਿਲਸਿਲੇ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ-ਸਰਹਿੰਦ ਵੱਲ ਵਾਗਾਂ ਮੋੜੀਆਂ। 12 ਮਈ, 1710 ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਇਕ ਫੈਸਲਾਕੁੰਨ ਯੁੱਧ ਹੋਇਆ। ਇਸ ਯੁੱਧ ਵਿਚ ਸਾਕਾ ਸਰਹਿੰਦ ਦਾ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ ਅਤੇ ਮੈਦਾਨ ਸਿੱਖਾਂ ਦੇ ਹੱਥ ਆਇਆ। 14 ਮਈ, 1710 ਨੂੰ ਸਿੱਖ ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖਲ ਹੋਏ।

ਇਸ ਜਿੱਤ ਤੋਂ ਬਾਅਦ ਸਿੱਖਾਂ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕਰ ਦਿੱਤੀ। ਲੋਹਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਥੋਂ ਹੀ ਗੁਰੂ ਸਾਹਿਬਾਨ ਦੇ ਨਾਂ 'ਤੇ ਸਿੱਕਾ ਜਾਰੀ ਕੀਤਾ। ਇਸ ਤਰ੍ਹਾਂ ਇਕ 'ਬਚੂੰਗੜੀ' ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ 'ਤੇ ਪਹਿਲੀ ਵੇਰ ਇਕ ਰਾਜਸੀ ਤਾਕ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਈ। ਜ਼ਾਹਿਰ ਹੈ, ਸਰਹਿੰਦ ਦੀ 'ਖ਼ੂਨੀ ਦੀਵਾਰ' ਸਿੱਖ ਰਾਜ ਦਾ ਨੀਂਹ-ਪੱਥਰ ਸਾਬਤ ਹੋਈ। ਗੱਲ ਨੂੰ ਸਮੇਟਦਿਆਂ, ਜ਼ਰਾ ਧਿਆਨ ਦੇਣਾ! ਇਹ ਸਾਕਾ ਸਰਹਿੰਦ ਦੇ ਤਿੱਖੇ ਪ੍ਰਤੀਕਰਮ ਵਜੋਂ ਹੀ ਸੰਭਵ ਹੋ ਸਕਿਆ ਕਿ ਸਿੱਖਾਂ ਨੇ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਮੁਗ਼ਲਾਂ 'ਤੇ ਜਿੱਤ ਪ੍ਰਾਪਤ ਕਰਕੇ ਗ਼ਜ਼ਨਵੀ, ਤੈਮੂਰ ਤੇ ਬਾਬਰ ਦੇ ਖ਼ਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ।

ਸੋ, ਸਾਕਾ ਸਰਹਿੰਦ ਸਾਡਾ ਗੌਰਵਮਈ ਵਿਰਸਾ ਹੈ। ਆਪਣੇ ਇਸ ਸ਼ਾਨਾਮੱਤੇ ਇਤਿਹਾਸ ਨੂੰ ਯਾਦ ਰੱਖਣਾ ਸਾਡਾ ਫਰਜ਼ ਬਣਦਾ ਹੈ। ਉਂਝ ਵੀ 'ਤੁਹਾਡੇ ਅੰਗ-ਸੰਗ ਤੁਹਾਡੇ ਸ਼ਹੀਦ, ਤੁਹਾਥੋਂ ਕੋਈ ਆਸ ਰੱਖਦੇ ਹਨ।" ਪਾਸ਼

ਦੇਸ਼ ਤੇ ਕੌਮ 'ਤੇ ਕੁਰਬਾਨ ਹੋਣ ਵਾਲੇ ਬਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਅੱਜ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਜੁੜੀਆਂ ਹਨ ਅਤੇ ਸ਼ਹਾਦਤ ਦੀ ਸ਼ਰ-ਜ਼ਮੀਨ ਫਤਹਿਗੜ੍ਹ ਸਾਹਿਬ ਦੀ ਲਹੂ ਭਿੱਜੀ ਧਰਤੀ ਨੂੰ ਮਸਤਕ 'ਤੇ ਲਗਾ ਕੇ ਆਪਣੇ ਧੰਨ ਭਾਗ ਸਮਝਦੀਆਂ ਹਨ। ਆਓ! ਆਪਾਂ ਵੀ ਇਸ ਪਵਿੱਤਰ ਦਿਹਾੜੇ 'ਤੇ ਛੋਟੇ ਲੋਹ ਪੁਰਸ਼ ਸਾਹਿਬਜ਼ਾਦਿਆਂ ਨੂੰ ਸਦਾ ਆਪਣੇ ਹਿਰਦੇ ਵਿਚ ਵਸਾਈ ਰੱਖਣ ਦਾ ਪ੍ਰਣ ਲਈਏ। ਬੱਸ, ਇਹੋ ਇਨ੍ਹਾਂ ਨੰਨ੍ਹੇ ਸ਼ਹੀਦਾਂ ਨੂੰ ਸਾਡੀ ਸੱਚੀ ਸ਼ਰਧਾਂਜ਼ਲੀ ਹੋਵੇਗੀ।



**ਮੇਜਰ ਜਗਤ ਸਿੰਘ (ਬ੍ਰਿਗੇਡੀਅਰ ਮਨਜੀਤ ਸਿੰਘ ਜੀ ਦੇ ਪਿਤਾ ਜੀ) ਨੂੰ ਸਿਰੋਪਾਓ ਸਾਹਿਬ ਦੇ ਕੇ ਸਨਮਾਨਿਤ ਕਰਦੇ ਹੋਏ ਪ੍ਰਧਾਨ ਸ. ਜਗੀਰ ਸਿੰਘ ਲਾਲੀਆ ਬ.ਮ.ਸ.ਲੁ. ਭਵਨ ਚੰਡੀਗੜ੍ਹ, ਸਾਬਕਾ ਪ੍ਰਧਾਨ ਸ. ਪ੍ਰੀਤਮ ਸਿੰਘ ਨਾਰੰਗਪੁਰ, ਡੀ.ਸੀ.ਪੀ. ਗੁਰਮੀਤ ਸਿੰਘ, ਡੀ.ਐਸ.ਪੀ. ਮਹਿੰਦਰ ਸਿੰਘ ਅਤੇ ਪ੍ਰਿੰ. ਟਹਿਲ ਸਿੰਘ**

# ਸੱਚਾ ਲਾਹਾ


'ਬਹੀਐ ਪੜਿਆ ਪਾਸਿ' ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੀ ਪੁਸਤਕ ਵਿਚੋਂ ਲੇਖ ਉਨ੍ਹਾਂ ਦੀ ਇਜਾਜ਼ਤ ਲੈ ਕੇ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪੇ ਜਾ ਰਹੇ ਹਨ। ਅਸੀਂ ਸਿੰਘ ਸਾਹਿਬ ਗਿ. ਜਸਵੰਤ ਸਿੰਘ ਪ੍ਰਵਾਨਾ ਜੀ ਦੇ ਅਤਿ ਧੰਨਵਾਦੀ ਹਾਂ।

ਇੰਜੀ. ਪਰਮਿੰਦਰਜੀਤ ਸਿੰਘ, ਸੰਪਾਦਕ

**ਪ੍ਰਾਣੀ ਤੂ ਆਇਆ ਲਾਹਾ ਲੈਣ॥**

ਅਸੀਂ ਸਵਾਰਥੀ ਨੂੰ ਬਹੁਤ ਬੁਰਾ ਕਹਿੰਦੇ ਹਾਂ ਅਤੇ ਪਰਸੁਆਰਥੀ, ਪਰਉਪਕਾਰੀ ਦੀ ਬਹੁਤ ਮਹਿਮਾ, ਉਪਮਾ ਕਰਦੇ ਹਾਂ। ਸੁਆਰਥੀ ਨੇ ਆਪਣੇ ਵਾਸਤੇ ਕੀਤਾ ਹੈ, ਪਰਉਪਕਾਰੀ ਨੇ ਕਿਸੇ ਵਾਸਤੇ ਕੁਝ ਕੀਤਾ ਹੈ। ਵਿਚਾਰਨ ਵਾਲੀ ਗੱਲ ਇਹ ਹੈ ਕਿ ਜੋ ਸਵ ਕੋਲ ਨਹੀਂ ਉਹ ਪਰ ਕੋਲ ਕਿਵੇਂ ਜਾਏਗਾ। ਮੇਰਾ ਖਿਆਲ ਹੈ ਜੋ ਸਵਾਰਥੀ ਨਹੀਂ ਉਹ ਪਰਉਪਕਾਰੀ ਹੋ ਹੀ ਨਹੀਂ ਸਕਦਾ। ਜਿਸ ਨੇ ਆਪਣਾ ਕੁਝ ਨਹੀਂ ਸਵਾਰਿਆ ਉਹ ਬੰਦਾ ਕਿਸੇ ਦਾ ਵੀ ਕੁਝ ਨਹੀਂ ਸਵਾਰ ਸਕਦਾ।

ਅਸੀਂ ਸਵਾਰਥੀ ਉਸ ਨੂੰ ਕਹਿੰਦੇ ਹਾਂ ਜੋ ਪਦਾਰਥਾਂ ਦਾ ਲੋਭੀ ਹੈ, ਤ੍ਰਿਸ਼ਨਾਲੂ ਹੈ। ਜੋ ਚਾਹੁੰਦਾ ਹੈ ਸਾਰੀ ਦੁਨੀਆਂ ਦੇ ਪਦਾਰਥ ਮੇਰੇ ਪਾਸ ਆਈ ਜਾਣ, ਦੂਸਰੇ ਦਾ ਘਰ ਵਿਹਲਾ ਹੋ ਜਾਵੇ ਤੇ ਮੇਰਾ ਘਰ ਭਰ ਜਾਏ। ਅਜਿਹਾ ਬੰਦਾ ਅਸਲ ਸਵਾਰਥੀ ਨਹੀਂ, ਸਗੋਂ ਅਜਿਹੇ ਬੰਦੇ ਨੇ ਤਾਂ ਆਪਣਾ ਸੁਖ ਚੈਨ ਵਿਗਾੜ ਲਿਆ ਹੈ। ਅਜਿਹਾ ਬੰਦਾ ਤਾਂ ਤ੍ਰਿਸ਼ਨਾ ਦੀ ਭੱਠੀ ਵਿੱਚ ਪਿਆ ਹੈ ਜਿਸ ਨੇ ਦਿਨ ਰਾਤ ਆਪਣਾ ਮਨ ਸਾੜਿਆ ਹੈ। ਅਜਿਹੇ ਬੰਦੇ ਨੂੰ ਇਹ ਪਤਾ ਹੀ ਨਹੀਂ ਕਿ ਸੁਆਰਥ ਕੀ ਹੈ। ਸੁਆਰਥ ਦਾ ਅਰਥ ਹੈ ਸਵ ਅਰਥ ਜੋ ਆਪਣੇ ਕੰਮ ਆਉਣ ਵਾਲਾ ਹੋਵੇ। ਸਤਿਗੁਰੂ ਸੁਆਰਥ ਦਾ ਪਰਮਾਰਥ ਦੱਸਦੇ ਹਨ:



**ਅਵਰਿ ਕਾਜ ਤੇਰੈ ਕਿਤੈ ਨ ਕਾਮ॥**
**ਮਿਲ ਸਾਧ ਸੰਗਤਿ ਭਜ ਕੇਵਲ ਨਾਮ॥**
**ਸਰੰਜਾਮਿ ਲਾਗੁ ਭਵਜਲ ਤਰਨ ਕੈ॥**
**ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥** (ਆਸਾ ਮ: 5, ਪੰਨਾ 11)

ਮਾਇਆ ਨਾਲ ਤਾਂ ਤੇਰਾ ਸਵਾਰਥ ਪੂਰਾ ਨਹੀਂ ਹੋਣਾ। ਕਬੀਰ ਸਾਹਿਬ ਜੀ ਫੁਰਮਾਉਂਦੇ ਹਨ:

**ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰ॥**
**ਚਲਤੀ ਬਾਰ ਨ ਕਿਛ ਮਿਲਿਓ ਲਈ ਲੰਗੋਟੀ ਤੋਰ॥**

ਨਕਲੀ ਸੁਆਰਥੀ ਜਨਮ ਬਰਬਾਦ ਕਰ ਲੈਂਦਾ ਹੈ। ਉਹ ਆਪਣਾ ਜਨਮ ਵੀ ਵਿਗਾੜਦਾ ਹੈ ਅਤੇ ਦੂਸਰਿਆਂ ਦਾ ਵੀ ਪੈਂਡਾ ਖੋਟਾ ਕਰਦਾ ਹੈ।

ਇਸੇ ਪ੍ਰਕਰਣ ਵਿੱਚ ਇਕ ਬੜੀ ਹੀ ਭਾਵ ਪੂਰਤ ਗਾਥਾ ਹੈ।

ਇਕ ਰਾਜਾ ਸਵੇਰੇ ਦਾਨ ਕਰਦਾ ਸੀ, ਬੜਾ ਦਾਨੀ ਸੀ ਤੇ ਦਾਨ ਕਰਨ ਦਾ ਉਸਦਾ ਬੜਾ ਹੀ ਨਿਰਾਲਾ ਢੰਗ ਸੀ। ਉਹ ਸਵੇਰੇ ਉਠ ਕੇ ਦਾੜ੍ਹੀ ਵਿੱਚ ਕੰਘਾ ਕਰਦਾ ਸੀ। ਜਿੰਨੇ ਰੋਮ ਝੜ ਜਾਣ ਉਨੀਆਂ ਹੀ ਸੋਨੇ ਦੀਆਂ ਮੋਹਰਾਂ ਦਾਨ ਕਰਦਾ ਸੀ, ਦਾਨ ਪਾਤ੍ਰ ਸਮੇਂ ਨਾਲ ਪੁੱਜਦੇ ਸਨ ਅਤੇ ਆ ਕੇ ਦਾਨ ਲੈ ਜਾਂਦੇ ਸਨ। ਇਕ ਦਿਨ ਇਕ ਦਾਨ ਪਾਤ੍ਰ ਕਿਸੇ ਕਾਰਨ ਸਮੇਂ ਸਿਰ ਨਾ ਆ ਸਕਿਆ। ਦੇਰੀ ਨਾਲ ਪਹੁੰਚਿਆ ਤੇ ਬੇਨਤੀ ਕੀਤੀ ਕਿ ਮੈਂ ਰੋਜ਼ਾਨਾ ਆਉਣ ਵਾਲਾ ਹਾਂ ਮੇਰਾ ਹਿੱਸਾ ਮੈਨੂੰ ਦਿੱਤਾ ਜਾਵੇ। ਬਾਦਸ਼ਾਹ ਨੇ ਕਿਹਾ ਮੇਰਾ ਜੋ ਨਿਯਮ ਹੈ ਉਸ ਅਨੁਸਾਰ ਦਾੜ੍ਹੀ ਦੇ ਜਿੰਨੇ ਰੋਮ ਗਿਰੇ ਹਨ ਮੈਂ ਦਾਨ ਕਰ ਚੁੱਕਾ ਹਾਂ। ਦਾਨ ਪਾਤ੍ਰ ਨੇ ਕਿਹਾ ਮਹਾਰਾਜ ਇਕ ਵਾਰ ਫਿਰ ਦਾੜ੍ਹੀ ਨੂੰ ਹੱਥ ਫੇਰ ਕੇ ਵੇਖੋ ਸ਼ਾਇਦ ਮੇਰੇ ਭਾਗਾਂ ਨੂੰ ਇਕ ਅੱਧਾ ਰੋਮ ਆ ਹੀ ਜਾਏ। ਬਾਦਸ਼ਾਹ ਨੇ ਇਸ ਦੇ ਕਹਿਣ ਤੇ ਦਾਹੜੇ ਨੂੰ ਹੱਥ ਫੇਰਿਆ। ਪਰ ਕੋਈ ਰੋਮ ਨਹੀਂ ਝੜਦਾ, ਇੰਨੀ ਨਰਮਾਈ ਨਾਲ ਕਿਤੇ ਰੋਮ ਝੜਦੇ ਹਨ। ਦਾੜ੍ਹੀ ਵੀ ਤੁਹਾਡੀ ਹੋਵੇ ਹੱਥ ਵੀ ਤੁਹਾਡੇ ਤਾਂ ਗੱਲ ਕਿਵੇਂ ਬਣੇ। ਇਕ ਵਾਰ ਦਾਸ ਨੂੰ ਹੁਕਮ ਕਰੋ ਮੈਂ ਹੱਥ ਫੇਰਾਂ। ਐਸੇ ਗਲਤ ਸੁਆਰਥੀ ਬੰਦੇ ਤਾਂ ਇਹ ਚਾਹੁੰਦੇ ਹਨ ਕਿ ਕਿਸੇ ਦੀ ਦਾੜ੍ਹੀ ਰਹੇ ਭਾਵੇਂ ਨਾ ਰਹੇ ਮੇਰਾ ਲੋਭ ਪੂਰਾ ਹੋਣਾ ਚਾਹੀਦਾ ਹੈ। ਅਜਿਹੇ ਬੰਦੇ ਨੇ ਸਵ ਅਰਥ ਨੂੰ ਸਮਝਿਆ ਹੀ ਨਹੀਂ। ਪਰਾਇਆ ਸਵਾਰ ਕੇ ਤਾਂ ਸਵ ਅਰਥ ਪੂਰਾ ਹੋ ਸਕਦਾ ਹੈ। ਪਰ ਕਿਸੇ ਦਾ ਕੰਮ ਵਿਗਾੜ ਕੇ ਕਿਸੇ ਦਾ ਸਵਾਰਥ ਅੱਜ ਤੱਕ ਪੂਰਾ ਨਹੀਂ ਹੋਇਆ।

ਸਵਾਰਥ ਦੇ ਸਬੰਧ ਵਿੱਚ ਇਕ ਹੋਰ ਕਥਾ ਹੈ ਕਿ–

ਇਕ ਬਾਦਸ਼ਾਹ ਬੀਮਾਰ ਹੋ ਗਿਆ। ਸਿਆਣੇ ਵੈਦਾਂ ਨੇ ਕਿਹਾ ਕਿ ਇਕ ਖਾਸ ਕਿਸਮ ਦਾ ਖਾਸ ਉਮਰ ਦਾ 8 ਕੁ ਸਾਲ ਦਾ ਬੱਚਾ ਹੋਵੇ ਤੇ ਉਸ ਦੇ ਮਾਤਾ-ਪਿਤਾ ਖੁਸ਼ੀ ਨਾਲ ਬੱਚਾ ਦੇ ਦੇਣ। ਉਸ ਨੂੰ ਕਤਲ ਕਰਕੇ ਉਸ ਦਾ ਪਿੱਤਾ ਮਿਲੇ ਉਹ ਦਵਾਈ ਵਿੱਚ ਪਾਇਆ ਜਾਵੇ ਤਾਂ ਤੂੰ ਅਰੋਗ ਹੋ ਸਕਦਾ ਹੈਂ। ਵਜ਼ੀਰਾਂ ਨੇ ਪ੍ਰਬੰਧ ਕੀਤਾ। ਅਜਿਹਾ ਬੱਚਾ ਖਰੀਦਿਆ ਗਿਆ। ਉਸ ਬੱਚੇ ਨੂੰ ਬਾਹਰਵਾਰ ਕਤਲ ਕਰਨ ਵਾਸਤੇ ਇਕ ਨਦੀ ਦੇ ਕਿਨਾਰੇ ਲੈ ਆਂਦਾ ਗਿਆ। ਜਲਾਦ ਉਸ ਨੂੰ ਕਤਲ ਕਰਨ ਲੱਗਾ ਸੀ। ਕਾਜ਼ੀ ਨੇ ਪੁਛਿਆ ਕਾਕਾ ਤੇਰੀ ਕੋਈ ਅੰਤਮ ਖਾਹਸ਼ ਹੈ ਤਾਂ ਦੱਸ ਦੇ। ਉਸ ਬੱਚੇ ਨੇ ਕਿਹਾ ਹਾਂ ਮੇਰੀ ਅੰਤਮ ਖਾਹਸ਼ ਹੈ ਤੁਸੀਂ ਰਾਜੇ ਨੂੰ ਬੁਲਾ ਦੇਵੋ। ਰਾਜਾ ਆ ਗਿਆ। ਉਸ ਬੱਚੇ ਨੇ ਕਿਹਾ ਥੋੜ੍ਹਾ ਸਮਾਂ ਜੋ ਮੈਂ ਕਰਦਾ ਹਾਂ ਵੇਖੋ। ਤੁਸੀਂ ਜਲਾਦ ਨੂੰ ਕਹਿਣਾ ਕਿ ਮੈਨੂੰ ਮਾਰ ਦੇਵੋ। ਉਸ ਨੇ ਜ਼ਮੀਨ 'ਤੇ ਚਾਰ ਢੇਰੀਆਂ ਬਣਾਈਆਂ। ਤਿੰਨਾਂ ਨੂੰ ਤਾਂ ਪੈਰ

ਨਾਲ ਢਾਹ ਦਿੱਤਾ ਚੌਥੀ ਅੱਗੇ ਹੱਥ ਜੋੜ ਕੇ ਸਿਰ ਝੁਕਾਇਆ ਤੇ ਕਿਹਾ ਕਿ ਹੁਣ ਤੁਸੀਂ ਜੋ ਕਰਨਾ ਹੈ ਕਰੋ। ਬਾਦਸ਼ਾਹ ਨੇ ਪੁੱਛਿਆ ਕਿ ਤੂੰ ਢੇਰੀਆਂ ਬਣਾਈਆਂ ਤਿੰਨ ਗਿਰਾ ਦਿੱਤੀਆਂ ਇਕ ਰਹਿਣ ਦਿੱਤੀ ਹੈ ਇਸਦਾ ਕੀ ਰਾਜ਼ ਹੈ। ਬੱਚੇ ਨੇ ਕਿਹਾ ਸੁਣੋ। ਪਹਿਲੀ ਢੇਰੀ ਮਾਂ-ਬਾਪ ਦਾ ਆਸਰਾ ਸੀ ਉਨ੍ਹਾਂ ਮੈਨੂੰ ਵੇਚ ਦਿੱਤਾ ਹੈ ਉਨ੍ਹਾਂ ਦੇ ਆਸਰੇ ਦੀ ਢੇਰੀ ਮੈਂ ਢਾਹ ਦਿੱਤੀ ਹੈ। ਦੂਜਾ ਆਸਰਾ ਹੈ ਕੋਈ ਜ਼ੁਲਮ ਕਰੇ ਤਾਂ ਕਾਜ਼ੀ ਅੱਗੇ ਫਰਯਾਦ ਕਰਨੀ ਪਰ ਕਾਜ਼ੀ ਮੈਨੂੰ ਮਾਰਨ ਦਾ ਫਤਵਾ ਦੇ ਚੁੱਕਾ ਹੈ ਕਿ ਬਾਦਸ਼ਾਹ ਦੀ ਜਾਨ ਬਚਾਉਣ ਲਈ ਇੱਕ ਬੱਚਾ ਮਾਰ ਦੇਣਾ ਕੋਈ ਗੁਨਾਹ ਨਹੀਂ। ਮੈਂ ਇਸ ਦੀ ਢੇਰੀ ਵੀ ਢਾਹ ਦਿੱਤੀ ਹੈ। ਕਾਜ਼ੀ ਬੇਇਨਸਾਫ ਹੋਵੇ ਤਾਂ ਰਾਜੇ ਅੱਗੇ ਪੁਕਾਰ ਕਰੀਦੀ ਹੈ ਪਰ ਰਾਜਾ ਤਾਂ ਖੁਦ ਮੇਰੀ ਮੌਤ ਦਾ ਕਾਰਨ ਹੈ। ਮੈਂ ਬਾਦਸ਼ਾਹ ਦੇ ਆਸਰੇ ਦੀ ਢੇਰੀ ਵੀ ਢਾਹ ਦਿੱਤੀ ਹੈ। ਇਹ ਚੌਥੀ ਢੇਰੀ ਹੈ ਖੁਦਾ ਦੀ ਜਿਸ ਦਾ ਕੋਈ ਨਾ ਬਣੇ ਉਸ ਦਾ ਪ੍ਰਮਾਤਮਾ ਬਣਦਾ ਹੈ। ਮੈਨੂੰ ਇਸ ਦੀ ਆਸ ਹੈ ਮੈਂ ਇਹ ਢੇਰੀ ਨਹੀਂ ਢਾਹੁਣੀ।

ਹੁਣ ਤੁਸੀਂ ਜਲਾਦ ਨੂੰ ਆਖੋ ਮੈਨੂੰ ਕਤਲ ਕਰ ਦੇਵੇ।

ਬਾਦਸ਼ਾਹ ਨੇ ਇਹ ਗੱਲ ਸੁਣੀ, ਦਿਲ ਨੂੰ ਬੜੀ ਠੋਕਰ ਵੱਜੀ।

ਵੈਦਾਂ ਨੂੰ ਕਹਿਣ ਲੱਗਾ ਤੁਸੀਂ ਪੂਰਾ ਜ਼ਿੰਮਾ ਲੈਂਦੇ ਹੋ ਕਿ ਇਸ ਦਵਾਈ ਨਾਲ ਮੈਂ ਠੀਕ ਹੋ ਜਾਵਾਂਗਾ। ਹਕੀਮਾਂ ਨੇ ਕਿਹਾ ਕਿ ਯਤਨ ਕਰਾਂਗੇ ਅੱਗੋਂ ਸਭ ਕੁਝ ਖੁਦਾ ਦੇ ਵਸ ਹੈ। ਬਾਦਸ਼ਾਹ ਕਹਿਣ ਲੱਗਾ ਫਿਰ ਖੁਦਾ ਹੀ ਕਾਫੀ ਹੈ। ਇਸ ਬੱਚੇ ਨੂੰ ਖੁਦਾ ਦੇ ਨਾਂ 'ਤੇ ਛੱਡ ਦਿਉ ਜੇ ਉਸ ਬੱਚੇ ਨੇ ਖੁਦਾ ਦੇ ਨਾਂ ਦੀ ਢੇਰੀ ਨਹੀਂ ਢਾਹੀ। ਕਿੰਨਾ ਹੈ ਉਸ ਦਾ ਸਬਰ, ਉਸ ਦਾ ਭਰੋਸਾ। ਮੌਤ ਦੇ ਮੂੰਹ ਵਿੱਚ ਪਿਆ ਵੀ ਉਹ ਖੁਦਾ 'ਤੇ ਭਰੋਸਾ ਰੱਖ ਰਿਹਾ ਹੈ। ਫਿਰ ਖੁਦਾ ਦੀ ਢੇਰੀ ਨੂੰ ਮੈਂ ਕਿਉਂ ਲੱਤ ਮਾਰਾਂ ਮੈਂ ਬਚਾਂ ਜਾਂ ਮਰਾਂ ਇਸ ਬੱਚੇ ਨੂੰ ਰਿਹਾਅ ਕਰ ਦਿਉ। ਕਹਿੰਦੇ ਹਨ ਉਸ ਬੱਚੇ ਨੂੰ ਛੱਡਣ ਦੇਣ ਤੋਂ ਬਾਅਦ ਇਕ ਹਫਤੇ ਪਿੱਛੋਂ ਬਾਦਸ਼ਾਹ ਬਿਲਕੁਲ ਅਰੋਗ ਹੋ ਗਿਆ। ਅਸਲ ਵਿੱਚ ਇਹ ਹੈ ਸੁਆਰਥ। ਬਾਦਸ਼ਾਹ ਨੇ ਆਪਣਾ ਆਪ ਸਵਾਰ ਲਿਆ।

ਸਵ ਅਰਥ ਆਉਣ ਵਾਲਾ ਹੈ ਪਰਮਾਤਮਾ ਦਾ ਸਿਮਰਨ। ਜਿਸ ਨੇ ਸਿਮਰਨ ਕਰਕੇ ਆਪਣੇ ਵਿੱਚ ਰੂਹਾਨੀ ਸ਼ਕਤੀ ਦਾ ਭੰਡਾਰ ਭਰ ਲਿਆ ਹੈ, ਜਿਸ ਬੰਦੇ ਦੇ ਹਿਰਦੇ ਵਿੱਚ ਪ੍ਰਮਾਤਮਾ ਦੇ ਸਿਮਰਨ ਨਾਲ ਬਰਕਤਾਂ ਹੀ ਬਰਕਤਾਂ ਭਰ ਜਾਂਦੀਆਂ ਹਨ ਐਸਾ ਬੰਦਾ ਹੀ ਪਰਉਪਕਾਰ ਕਰ ਸਕਦਾ ਹੈ। ਇਹ ਦੋ ਸ਼ਬਦ ਸਾਨੂੰ ਕਦੀ ਨਹੀਂ ਭੁੱਲਣੇ ਚਾਹੀਦੇ ਕਿ ਬਰਕਤਾਂ ਤਾਂ ਸਾਰੀਆਂ ਹੀ ਪ੍ਰਮਾਤਮਾ ਦੀਆਂ ਹਨ। ਇਨ੍ਹਾਂ ਰੱਬੀ ਬਰਕਤਾਂ ਨਾਲ ਹੀ ਜਗਤ ਦੇ ਦੁੱਖ ਮੁੱਕ ਸਕਦੇ ਹਨ, ਭੁੱਖਾਂ ਮੁੱਕ ਸਕਦੀਆਂ ਹਨ। ਜਿਸ ਬੰਦੇ ਨੇ ਜਗਤ ਵਿੱਚ ਆਕੇ ਅਸਲ ਲਾਹਾ ਪ੍ਰਾਪਤ ਕਰਨਾ ਹੈ ਪਹਿਲਾਂ ਸਿਮਰਨ ਕਰਕੇ ਸਵਾਰਥੀ ਬਣੇ ਭਾਵ ਸਵ ਅਰਥ ਪੂਰਾ ਕਰੇ, ਜਦੋਂ ਆਪਣਾ ਆਪਾ ਸਵਰ ਗਿਆ ਫਿਰ ਸੇਵਾ ਰਾਹੀਂ ਵੰਡਣ ਵਾਸਤੇ ਤੁਰ ਪਵੇ। ਅਸੀਂ ਇਹ ਲਾਹਾ ਲੈਣ ਵਾਸਤੇ ਦੁਨੀਆਂ ਵਿੱਚ ਆਏ ਹਾਂ। ਪ੍ਰਾਣੀ ਤੂੰ ਆਇਆ ਲਾਹਾ ਲੈਣ॥ ਪਰ ਇਹ ਲਾਹਾ ਤਾਂ ਹੀ ਮਿਲੇਗਾ ਇਹ ਸਵਾਰਥ ਤੋ ਪਰਸੁਆਰਥ ਤਾਂ ਹੀ ਬਣੇਗਾ ਜੇ ਬਹੀਐ ਪੜਿਆ ਪਾਸਿ॥




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਗੁਰਦੁਆਰਾ ਜਨਮ ਅਸਥਾਨ (ਨਨਕਾਣਾ ਸਾਹਿਬ)

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ



## ਗੁਰਦੁਆਰਾ ਬਾਲ ਲੀਲ੍ਹਾ (ਨਨਕਾਣਾ ਸਾਹਿਬ)


ਨਨਕਾਣਾ ਸਾਹਿਬ ਦੀ ਪਾਵਨ ਪਵਿੱਤਰ ਧਰਤੀ ’ਤੇ ਗੁਰਦੁਆਰਾ ਬਾਲ ਲੀਲ੍ਹਾ ਗੁਰਦੁਆਰਾ ਜਨਮ ਅਸਥਾਨ ਦੇ ਨੇੜੇ ਹੀ 400 ਗਜ਼ ਦੀ ਦੂਰੀ ’ਤੇ ਸਥਿਤ ਹੈ। ਇਸ ਗੁਰਦੁਆਰੇ ਦੇ ਨਾਲ ਤਲਵੰਡੀ ਦੇ ਹਾਕਮ ਰਾਇ ਬੁਲਾਰ ਨੇ ‘ਨਾਨਕ ਸਰ’ ਨਾਂ ਦਾ ਸਰੋਵਰ ਤਿਆਰ ਕਰਵਾਇਆ ਸੀ। ਜਿਵੇਂ ਨਾਂ ਤੋਂ ਸਪੱਸ਼ਟ ਹੈ ਕਿ ਇਹ ਅਸਥਾਨ ਗੁਰੂ ਜੀ ਦੀ ਬਾਲ ਵਰੇਸ ਦੇ ਕੌਤਕਾਂ ਨਾਲ ਸਬੰਧਤ ਹੈ। ਇਸ ਅਸਥਾਨ ’ਤੇ ਗੁਰੂ ਜੀ ਬਾਲ ਉਮਰ ਵਿੱਚ ਆਪਣੇ ਹਾਣੀਆਂ ਨਾਲ ਖੇਡਦੇ-ਖੇਡਦੇ ਹੀ ਉਨ੍ਹਾਂ ਵਿੱਚ ਨਾਮ ਦਾ ਪ੍ਰਕਾਸ਼ ਕਰ ਦੇਂਦੇ ਸਨ। ਇਸ ਗੁਰਦੁਆਰੇ ਦੇ ਨਾਂ 120 ਮੁਰੱਬੇ ਜ਼ਮੀਨ ਤੇ ਕੁਝ ਜਾਗੀਰ ਵੀ ਸੀ। ਫਰਵਰੀ 1921 ਈ: ਦੇ ਸਾਕੇ ਤੋਂ ਪਹਿਲਾਂ, ਇਸ ਗੁਰਦੁਆਰੇ ਦਾ ਪ੍ਰਬੰਧ ਨਿਰਮਲੇ ਸਿੰਘਾਂ ਦੇ ਹੱਥ ਸੀ। ਗੁਰਦੁਆਰਾ ਸਾਹਿਬ ਦੇ ਮਹੰਤ ਤੀਰਥ ਸਿੰਘ ਤੋਂ ਇਲਾਵਾ 37 ਹੋਰ ਪੱਤੀਦਾਰ ਸਨ। ਗੁ. ਸੁਧਾਰ ਲਹਿਰ ਸਮੇਂ ਇਹ ਗੁਰਦੁਆਰਾ ਵੀ ਪੰਥਕ ਪ੍ਰਬੰਧ ਅਧੀਨ ਆ ਗਿਆ। 1947 ਈ: ਤੱਕ ਇਸ ਗੁਰਦੁਆਰੇ ਦਾ ਪ੍ਰਬੰਧ ਪੰਥਕ ਹੱਥਾਂ ਵਿੱਚ ਰਿਹਾ, ਪਰ ਵੰਡ ਤੋਂ ਪਿੱਛੋਂ ਇਸ ਗੁਰਦੁਆਰੇ ਦੀ ਸੇਵਾ-ਸੰਭਾਲ ਪਾਕਿਸਤਾਨ ਵਕਫ਼ ਬੋਰਡ ਕਰ ਰਿਹਾ ਹੈ। ਗੁਰਦੁਆਰੇ ਨਾਲ ਲੱਗਦਾ ਸਰੋਵਰ ਸੁੱਕਾ ਪਿਆ ਹੈ ਤੇ ਇਸ ਗੁਰਦੁਆਰਾ ਸਾਹਿਬ ਨੂੰ ਕੇਵਲ ਸਿੱਖ ਯਾਤਰੂਆਂ ਦੇ ਜਾਣ ਸਮੇਂ ਹੀ ਖੋਲ੍ਹਿਆ ਜਾਂਦਾ ਹੈ। ਪ੍ਰਕਾਸ਼ ਦਾ ਪ੍ਰਬੰਧ ਨਹੀਂ ਹੈ, ਕੇਵਲ ਇਮਾਰਤ ਹੀ ਸੁਰੱਖਿਅਤ ਹੈ।

## ਗੁਰਦੁਆਰਾ ਪੱਟੀ ਸਾਹਿਬ (ਨਨਕਾਣਾ ਸਾਹਿਬ)

ਇਹ ਗੁਰਦੁਆਰਾ, ਗੁਰਦੁਆਰਾ ਬਾਲ ਲੀਲ੍ਹਾ ਦੇ ਨਜ਼ਦੀਕ ਹੀ ਹੈ। ਇਸ ਅਸਥਾਨ ’ਤੇ 7 ਸਾਲ ਦੀ ਉਮਰ ਵਿੱਚ ਗੁਰੂ ਜੀ ਨੂੰ ਪੰਡਿਤ ਗੋਪਾਲ ਦਾਸ ਪਾਸ, ਹਿੰਦੀ ਪੜ੍ਹਨ ਲਈ ਬਿਠਾਇਆ ਗਿਆ ਤੇ ਫਿਰ ਪੰਡਿਤ ਬ੍ਰਿਜ ਲਾਲ ਪਾਸ, ਸੰਸਕ੍ਰਿਤ ਪੜ੍ਹਨ ਲਈ ਭੇਜਿਆ ਗਿਆ। 13 ਸਾਲ ਦੀ ਉਮਰ ਵਿੱਚ ਗੁਰੂ ਜੀ ਨੂੰ ਤਲਵੰਡੀ ਦੇ ਮੌਲਵੀ ਕੁਤਬਦੀਨ ਪਾਸ ਫਾਰਸੀ ਪੜ੍ਹਨ ਲਈ ਭੇਜਿਆ ਗਿਆ। ਸਤਿਗੁਰੂ ਨਾਨਕ ਦੇਵ ਜੀ ਦੀ ਤੀਖਣ ਬੁੱਧੀ, ਆਤਮਿਕ ਗਿਆਨ ਤੇ ਰੋਸ਼ਨ ਦਿਮਾਗ ਦੇ ਸਾਹਮਣੇ, ਵਾਰੀ-ਵਾਰੀ ਤਿੰਨਾਂ ਹੀ ਸੰਸਾਰਿਕ ਉਸਤਾਦਾਂ ਨੇ ਸਿਰ ਨਿਵਾਇਆ। ਗੁਰੂ ਜੀ ਨੇ ਪ੍ਰਚਲਤ ਵਿਦਿਆ ’ਤੇ ਕਟਾਖਸ਼ ਕਰਦਿਆਂ, ਵਿਦਿਆ ਦਾ ਅਸਲ ਸਰੂਪ ਉਜਾਗਰ ਕੀਤਾ। ਹਰ ਅੱਖਰ ਨੂੰ ਨਵੇਂ ਅਰਥ ਦਿੱਤੇ। ਜਿਸ ਅਧਿਆਤਮਕ ਵਿਦਿਆ ਨਾਲ ਗੁਰੂ ਜੀ ਬਾਲ ਵਰੇਸ ਤੋਂ ਹੀ ਮਾਲੋ-ਮਾਲ ਸਨ, ਉਸ ਵਿੱਦਿਆ ਤੋਂ







ਮੌਲਵੀ ਅਤੇ ਪੰਡਿਤ ਅਭਿੱਜ ਸਨ। ਗੁਰੂ ਜੀ ਨੇ ਪੰਡਿਤ ਦੇ ਸ਼ੰਕੇ ਨਵਿਰਤ ਕਰਨ ਲਈ ਆਸਾ ਰਾਗ ਵਿੱਚ 'ਪੱਟੀ' ਨਾਮ ਦੀ ਬਾਣੀ ਉਚਾਰਣ ਕੀਤੀ:

**ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥**

**ਸੇਵਤ ਰਹੇ ਚਿਤੁ ਜਿਨ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ॥**

(ਪੰਨਾ 432)

ਜਿਸ ਅਸਥਾਨ 'ਤੇ ਗੁਰਦੇਵ ਜੀ ਨੂੰ ਪੜ੍ਹਨ ਬਿਠਾਇਆ ਗਿਆ ਸੀ, ਉਸੇ ਅਸਥਾਨ 'ਤੇ ਹੁਣ ਗੁਰਦੁਆਰਾ ਪੱਟੀ ਸਾਹਿਬ ਸੁਭਾਇਮਾਨ ਹੈ। ਇਸ ਅਸਥਾਨ 'ਤੇ ਮੌਲਵੀ ਕੁਤਬਦੀਨ ਪਾਸੋਂ ਫਾਰਸੀ ਪੜ੍ਹਨ ਕਰਕੇ 'ਗੁਰਦੁਆਰਾ ਮੌਲਵੀ ਪੱਟੀ ਸਾਹਿਬ' ਵੀ ਆਖਦੇ ਹਨ। ਇਸ ਗੁਰਦੁਆਰਾ ਸਾਹਿਬ ਵਿੱਚ ਕੁਝ ਸਾਲਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬਾਕਾਇਦਾ ਪ੍ਰਕਾਸ਼ ਨਨਕਾਣਾ ਸਾਹਿਬ ਵਿਖੇ ਰਹਿਣ ਵਾਲੇ ਸਿੱਖ ਕਰਦੇ ਹਨ। ਇਸ ਗੁਰਦੁਆਰੇ ਦੀ ਇਮਾਰਤ ਵਿਸ਼ਾਲ ਤੇ ਠੀਕ ਹਾਲਤ ਵਿੱਚ ਹੈ।

# ਰੀਤਾਂ ਤੋਂ ਕੁਰੀਤੀਆਂ ਕਿਵੇਂ?

**ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥**

**ਮ:ਪ, ਪੰਨਾ 507**

ਮਨੁੱਖੀ ਜੀਵਨ ਵਿੱਚ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ, "ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁੱਖ" ਦੀ ਕਾਰ ਚਲਦੀ ਰਹਿੰਦੀ ਹੈ। ਸੁਖ ਵਿੱਚ ਖੁਸ਼ੀ ਨੂੰ ਮਾਨਣ, ਦੁਖ ਸਮੇਂ ਦੁਖ ਦੀ ਦਰਦ ਨੂੰ ਵੰਡਾਣ ਵਾਸਤੇ ਅਤੇ ਸਮਾਜ ਨੂੰ ਨਿਯਮਬੱਧਤਾ ਵਾਲਾ ਜੀਵਨ ਪ੍ਰਦਾਨ ਕਰਨ ਵਾਸਤੇ, ਸਾਡੇ ਵੱਡੇ-ਵਡੇਰਿਆਂ ਨੇ ਬੜੀ ਦੀਰਘ ਸੋਚ ਵੀਚਾਰ ਉਪ੍ਰੰਤ ਧਾਰਮਿਕ ਅਤੇ ਸਮਾਜਿਕ ਨਿਯਮ ਮਨੁੱਖ ਸਮਾਜ ਨੂੰ ਦਿੱਤੇ ਤਾਂ ਜੋ ਇਨ੍ਹਾਂ ਨਿਯਮਾਂ ਦੀ ਪਾਲਨਾ ਕਰਕੇ ਮਨੁੱਖ ਆਪਣਾ ਸੁਖੀ ਸੁਹੇਲਾ ਜੀਵਨ ਬਤੀਤ ਕਰ ਸਕੇ। ਸਮਾਂ ਪਾ ਕੇ ਸਮਾਜੀ ਨਿਯਮ **ਰਸਮਾਂ ਅਤੇ ਰੀਤਾਂ** ਦਾ ਰੂਪ ਧਾਰਨ ਕਰ ਗਏ। ਸਮੇਂ ਦੇ ਵੇਗ ਅਤੇ ਮਾਇਕੀ ਪ੍ਰਭਾਵ ਨੇ ਮਨੁੱਖ ਉੱਪਰ ਐਸਾ ਪ੍ਰਭਾਵ ਪਾਇਆ, ਮਨੁੱਖ ਇਨ੍ਹਾਂ ਰਸਮਾਂ ਅਤੇ ਰੀਤਾਂ ਰਿਵਾਜਾਂ ਰਾਹੀਂ ਆਪਣੀ ਹਉਮੈ ਨੂੰ ਪੱਠੇ ਪਾਣ ਅਤੇ ਮਾਇਆ ਦੀ ਪ੍ਰਦਰਸ਼ਨੀ ਕਰਨ ਲੱਗ ਪਿਆ। ਮਾਇਆ ਦੀ ਪ੍ਰਦਰਸ਼ਨੀ ਅਤੇ ਹਉਮੈ ਨੇ ਰਸਮਾਂ ਰਿਵਾਜਾਂ ਅਤੇ ਰੀਤਾਂ ਨੂੰ **ਕੁਰੀਤੀਆਂ** ਵਿੱਚ ਬਦਲ ਕੇ ਰੱਖ ਦਿੱਤਾ। ਇਨ੍ਹਾਂ ਮਾਇਧਾਰੀਆਂ ਦੀ ਰੀਸ ਕਰਦਾ-ਕਰਦਾ ਆਮ ਮਨੁੱਖ ਵੀ ਆਪਣੇ ਵਿੱਤ ਤੋਂ ਵੱਧ ਖਰਚ ਕਰਕੇ ਆਪਣਾ ਬਲ ਹਾਲਦਾ ਜਾ ਰਿਹਾ ਹੈ ਅਤੇ ਆਪਣੇ ਜੀਵਨ ਵਿੱਚ ਪ੍ਰੇਸ਼ਾਨੀਆਂ ਦਾ ਸੰਤਾਪ ਭੋਗ ਰਿਹਾ ਹੈ।

ਪਰ ਯਾਦ ਰੱਖੋ! ਦਰਿਆ ਦਾ ਪਾਣੀ ਉਨਾਂ ਚਿਰ ਹੀ ਸੁਖਦਾਈ ਹੈ ਜਿੰਨਾ ਚਿਰ ਦੋ ਕਿਨਾਰਿਆਂ ਦੀ ਨਿਯਮਤ ਸੀਮਾਂ ਅੰਦਰ ਚਲਦਾ ਹੈ। ਜਿਸ ਵੇਲੇ ਦਰਿਆ ਦਾ ਪਾਣੀ ਨਿਯਮਤ ਕਿਨਾਰਿਆਂ ਨੂੰ ਤੋੜ ਕੇ ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਹੈ ਤਦੋਂ ਇਹੋ ਜੀਵਨ ਦਾਤਾ ਪਾਣੀ ਜਾਨ ਲੇਵਾ ਬਣ ਕੇ ਮਨੁੱਖ ਲਈ ਮੁਸੀਬਤ, ਤੰਗੀ ਤਕਲੀਫ, ਅਤੇ ਤਬਾਹੀ ਦਾ ਕਾਰਨ ਬਣ ਜਾਂਦਾ ਹੈ। ਐਨ ਇਸੇ ਤਰ੍ਹਾਂ ਜਿੰਨਾਂ ਚਿਰ ਮਨੁੱਖ ਕੁਦਰਤ, ਸਮਾਜ ਅਤੇ ਸਰਕਾਰ ਦੇ ਬਣਾਏ ਹੋਏ ਕਾਇਦੇ ਕਾਨੂੰਨ ਅਨੁਸਾਰੀ ਹੋ ਕੇ ਚਲਦਾ ਹੈ, ਉਨਾਂ ਚਿਰ ਸੁਖੀ ਸੁਹੇਲਾ ਜੀਵਨ ਮਾਣਦਾ ਹੈ, ਪਰ ਜਦੋਂ ਮਨੁੱਖ ਸਮਾਜ, ਸਰਕਾਰ ਅਤੇ ਕੁਦਰਤ ਦੇ ਨਿਯਮਾਂ ਤੋਂ ਆਕੀ ਹੋ ਕੇ ਆਪਣੀ ਹਉਮੈ ਅਧੀਨ ਅਮੋੜ ਜੀਵਨ ਦਾ ਧਾਰਨੀ ਬਣ ਜਾਂਦਾ ਹੈ, ਤਦੋਂ ਮਨੁੱਖ ਆਪ ਵੀ ਦੁਖੀ ਹੁੰਦਾ ਹੈ ਅਤੇ ਸਮਾਜ ਨੂੰ ਵੀ ਪ੍ਰੇਸ਼ਾਨ ਕਰਨ ਦਾ ਕਾਰਣ ਬਣ ਜਾਂਦਾ ਹੈ।

ਪ੍ਰਮਾਤਮਾ ਨੇ ਸਾਰੀ ਕਾਇਨਾਤ ਸਾਜ ਕੇ ਮਨੁੱਖ ਨੂੰ ਸਾਰੀ ਕਾਇਨਾਤ ਦਾ ਸਰਦਾਰ, ਅਸ਼ਰਫ-ਉਲ-ਮਖਲੂਕਾਤ (CROWN OF CREATION) ਥਾਪਿਆ ਅਤੇ ਨਾਲ ਹੀ ਸੋਚ ਸਮਝ, ਗਿਆਨ ਅਤੇ ਬੁੱਧੀ ਦੀਆਂ ਵਿਸ਼ੇਸ਼ ਦਾਤਾਂ ਬਖਸ਼ਿਸ਼ ਕੀਤੀਆਂ ਤਾਂ ਜੋ ਸੋਚ ਸਮਝ ਤੋਂ ਕੰਮ ਲੈ ਕੇ ਮਨੁੱਖ ਗਿਆਨ ਅਧੀਨ ਆਪਣੇ ਜੀਵਨ ਨੂੰ ਸੰਜਮੀ ਸੰਚੇ ਵਿੱਚ ਢਾਲ ਕੇ ਖੁਸ਼ੀਆਂ ਭਰਪੂਰ ਜੀਵਨ ਬਤੀਤ ਕਰ ਸਕੇ। ਪਰ ਅੱਜ ਮਨੁੱਖ ਉੱਪਰ ਮਾਇਆ ਦਾ ਪ੍ਰਭਾਵ ਐਨਾ ਹਾਵੀ ਹੋ ਗਿਆ ਹੈ ਕਿ ਅਜੋਕਾ ਮਨੁੱਖ ਨਾ ਆਪਣਾ ਵਿੱਤ ਵੇਖਦਾ ਹੈ ਨਾ ਹੀ ਆਪਣੇ ਹਾਣ-ਲਾਭ ਦਾ ਲੇਖਾ-ਜੋਖਾ ਕਰਨ ਨੂੰ ਤਿਆਰ ਹੈ। **ਦੇਖਾ ਦੇਖੀ, ਰੀਸੋ ਰੀਸੀ ਬੇਲੋੜੀਆਂ ਰਸਮਾਂ ਰੀਤਾਂ ਦੇ ਮੱਕੜ ਜਾਲ ਵਿੱਚ ਦਿਨੋ ਦਿਨ ਵਧੇਰੇ ਫੱਸਦਾ ਜਾ ਰਿਹਾ ਹੈ।** ਬੇਲੋੜੀਆਂ ਸਮਾਜਿਕ ਕੁਰੀਤੀਆਂ ਵਿੱਚ ਮਨੁੱਖ ਨੂੰ ਕਿਸੇ ਹੋਰ ਨੇ ਨਹੀਂ ਫਸਾਇਆ ਸਗੋਂ ਅਜੋਗਾ ਮਨੁੱਖ ਆਪ ਹੀ ਆਪਣੀ ਖੁਸ਼ੀ ਨਾਲ ਫਸਿਆ ਹੈ। ਜੇ ਇਸ ਨੂੰ ਕਿਸੇ ਨੇ ਫਸਾਇਆ ਹੋਵੇ ਤੱਦ ਸ਼ਾਇਦ, ਸੱਜਣ, ਮਿਤ੍ਰ, ਰਿਸ਼ਤੇਦਾਰ, ਇਸ ਦੀ ਕੋਈ ਮਦਦ ਕਰਕੇ, ਜਾਂ ਸਰਕਾਰ ਦਾ ਸਹਾਇਤਾ ਨਾਲ ਮਨੁੱਖ ਨੂੰ ਇਨ੍ਹਾਂ ਕੁਰੀਤੀਆਂ ਦੇ ਮੀਚਕਣੇ ਵਣ ਵਿੱਚੋਂ ਬਾਹਰ ਕੱਢ ਲਵੇ ਪਰ "ਆਪਣਾ ਫਾਥੜੀਏ ਤੈਨੂੰ ਕੌਣ ਛੁਡਾਵੇ" ਦੀ ਸਚਾਈ 'ਚੋਂ ਕੌਣ ਛੁਟਕਾਰਾ ਦੁਆ ਸਕਦਾ ਹੈ।

ਜਿਨ੍ਹਾਂ ਸਮਾਜਿਕ ਕੁਰੀਤੀਆਂ ਦਾ ਅਜੋਕਾ ਮਨੁੱਖ ਸ਼ਿਕਾਰ ਬਣ ਚੁੱਕਾ ਹੈ ਇਨ੍ਹਾਂ ਕੁਰੀਤੀਆਂ ਤੋਂ ਬਚਣ ਲਈ ਸਟੇਜਾਂ ਉੱਤੇ ਖਲੋ ਕੇ ਮਨੁੱਖ ਲੋਕਾਂ ਨੂੰ ਉਪਦੇਸ਼ ਵੀ ਕਰਦਾ ਹੈ। ਸਮਾਜਿਕ ਕੁਰੀਤੀਆਂ ਕਰਨ ਵਾਲੇ ਲੋਕਾਂ ਨੂੰ ਮਾੜਾ ਕਹਿ ਕੇ ਭੰਡਦਾ ਵੀ ਹੈ। ਸਮਾਜਿਕ ਕੁਰੀਤੀਆਂ ਦੀ ਨਿੰਦਿਆ ਵੀ ਕਰਦਾ ਹੈ ਪਰ ਆਪ ਇਨ੍ਹਾਂ ਸਮਾਜਿਕ ਕੁਰੀਤੀਆਂ ਤੋਂ ਬਚਣਾ ਚਾਹੁੰਦਾ ਹੋਇਆ ਵੀ ਬਚ ਨਹੀਂ ਰਿਹਾ, ਕਿਉਂਕਿ ਸੰਸਾਰ ਵਿੱਚ ਨੱਕ ਰੱਖਣ ਲਈ ਵਿਤੋਂ ਵੱਧ ਅਡੰਬਰ ਕਰਨ ਅਤੇ ਕੀਤੇ ਅਡੰਬਰ ਦੀ ਮੁੜ ਸ਼ੋਭਾ ਸੁਣਨ ਦੇ ਸੁਭਾਅ ਨੇ, ਮਨੁੱਖ ਜੋ ਸਾਰੀ ਕਾਇਨਾਤ ਦਾ ਸਰਦਾਰ ਸੀ, ਇਸ ਨੂੰ ਆਪਣਾ ਇੱਕ ਜ਼ਰ-ਖਰੀਦ ਗੁਲਾਮ ਬਣਾ ਲਿਆ ਹੈ। ਅਜੋਕੇ ਮਨੁੱਖ ਦੀ ਦਸ਼ਾ ਉੱਪਰ ਭਾਈ ਸਾਹਿਬ ਭਾਈ ਗੁਰਦਾਸ ਜੀ ਦਾ 591ਵਾਂ ਕਬਿਤ ਬਿਲਕੁਲ ਇੰਨ-ਬਿੰਨ ਢੁਕਦਾ ਨਜ਼ਰੀਂ ਆ ਰਿਹਾ ਹੈ। ਇਸ ਕਬਿਤ ਨੂੰ ਵੀਚਾਰ ਨਾਲ ਪੜ੍ਹ ਲਈਏ ਮਨੁੱਖ ਦੀ ਮਾਨਸਿਕ ਦਸ਼ਾ ਦਾ ਖੁਲਾਸਾ ਸਾਹਮਣੇ ਪ੍ਰਗਟ ਹੋ ਜਾਵੇਗਾ। ਆਪ ਫੁਰਮਾਨ ਕਰਦੇ ਹਨ ਕਿ ਜਿਵੇਂ ਅਮਲੀ, ਚੋਰ ਅਤੇ ਜੁਆਰੀਏ ਲੋਕ, ਆਪ ਖੁਦ ਕਹਿੰਦੇ ਵੀ ਹਨ ਅਤੇ ਲੋਕਾਂ ਪਾਸੋਂ ਸੁਣਦੇ ਵੀ ਹਨ ਕਿ ਅਮਲ ਪੀਣਾ, ਚੋਰੀ ਕਰਨੀ, ਜੂਆ ਖੇਡਣਾ ਮਾੜੇ ਕਰਮ ਹਨ ਅਤੇ ਇਨ੍ਹਾਂ ਕਰਮਾਂ ਨੂੰ ਕਰਕੇ ਉਹ ਸੰਤਾਪ ਭੀ ਭੋਗਦੇ ਹਨ ਪਰ ਇਨ੍ਹਾਂ ਬੁਰੇ ਕਰਮਾਂ ਦੀ ਜਕੜ ਵਿੱਚ ਫਸੇ ਹੋਏ, ਇਨ੍ਹਾਂ ਨੂੰ ਛੱਡਣਾ ਚਾਹੁੰਦੇ ਹੋਏ ਵੀ ਛੱਡ ਨਹੀਂ ਸਕਦੇ ਤਿਵੇਂ ਸਾਰੇ ਲੋਕ ਮਾਇਆ ਦੇ ਪ੍ਰਭਾਵ ਨੂੰ "ਜਿਸ ਕਰਕੇ ਸਾਰੀਆਂ ਸਮਾਜਿਕ ਅਤੇ ਧਾਰਮਿਕ ਕੁਰੀਤੀਆਂ ਹੁੰਦੀਆਂ ਹਨ।" ਮਾੜਾ ਕਹਿੰਦੇ ਹਨ ਪਰ ਮਾਇਆ ਦੇ ਪ੍ਰਭਾਵ ਤੋਂ ਬਚ ਵੀ ਕੋਈ ਨਹੀਂ ਰਿਹਾ। ਸਾਰਿਆਂ ਉੱਪਰ ਮਾਇਆ ਦਾ ਪ੍ਰਭਾਵ ਹੀ ਹਾਵੀ ਹੋ ਰਿਹਾ ਹੈ। ਆਪ ਦਾ ਬੜਾ ਪਿਆਰਾ ਫੁਰਮਾਨ ਹੈ।

**ਜੈਸੇ ਪੋਸਤੀ ਕਹਤ ਸੁਨਤ ਪੋਸਤ ਬੁਰੋ,**
**ਤਾ ਕੇ ਬਸ ਭਇਓ ਛਾਡਿਓ ਚਾਹੈ ਪੈ ਨ ਛੂਟਈ॥**
**ਜੈਸੇ ਜੂਆ ਖੇਲ ਬਿਤ ਹਾਰ ਬਿਲਖੈ ਜੁਆਰੀ,**
**ਤਊ ਪਰ-ਜੁਆਰਨ ਕੀ ਸੰਗਤਿ ਨ ਟੂਟਈ॥**

**ਜੈਸੇ ਚੋਰ ਚੋਰੀ ਜਾਤ ਹਿਰਦੈ ਸਹਕਤ ਪੁਨਿ,**
**ਤਜਤ ਨ ਚੋਰੀ, ਜਉ ਲਉ ਸੀਸ ਹੀ ਨ ਫੂਟਈ॥**
**ਤੈਸੇ ਸਭ ਕਹਤ ਸੁਨਤ, ਮਾਇਆ ਦੁਖਦਾਈ,**
**ਕਾਹੂ ਪੈ ਨ ਜੀਤੀ ਪਰੈ, ਮਾਇਆ ਜਗੁ ਲੂਟਈ॥ 591॥**

ਇਸੇ ਤਰ੍ਹਾਂ ਸਮਾਜ ਵਿੱਚ ਚੱਲ ਰਹੀਆਂ ਕੁਰੀਤੀਆਂ ਤੋਂ ਹਰ ਮਨੁੱਖ ਭੈ-ਭੀਤ ਹੈ, ਪ੍ਰੇਸ਼ਾਨ ਵੀ ਹੈ ਉਨ੍ਹਾਂ ਨੂੰ ਨਿੰਦਦਾ ਵੀ ਹੈ ਪਰ ਛੱਡਦਾ ਫਿਰ ਵੀ ਨਹੀਂ ਹੈ।

ਜਿਨ੍ਹਾਂ ਜਿਨ੍ਹਾਂ ਕੁਰੀਤੀਆਂ ਦੇ ਅਸੀਂ ਸਵਾ ਪੰਜ ਸੌ ਸਾਲ ਪਹਿਲਾਂ ਵੀ ਸ਼ਿਕਾਰ ਹੋਏ ਸਾਂ, ਉਸ ਸਮੇਂ ਵਿੱਚ ਲੋਕਾਈ ਦੀ ਨਿਘਰੀ ਹੋਈ ਹਾਲਤ ਉੱਤੇ ਤਰਸ ਕਰਕੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸੰਸਾਰ ਵਿੱਚ ਆਗਮਨ ਕੀਤਾ ਅਤੇ ਲਗਾਤਾਰ ਇਸ ਨਿਰੰਜਨੀ ਜੋਤ ਨੇ 239 ਸਾਲ ਦਸਾਂ ਜਾਮਿਆਂ ਵਿੱਚ ਵਿਚਰ ਕੇ ਸਾਡੇ ਪੁਰਖਿਆਂ ਨੂੰ ਸਮਾਜਿਕ ਅਤੇ ਧਾਰਮਿਕ ਕੁਰੀਤੀਆਂ ਵਿੱਚੋਂ ਨਿਕਲਣ ਦੀ ਥਾਂ ਸਗੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਜਕੜ ਗਏ ਹਾਂ, ਜਿਸ ਕਰਕੇ ਦੁਖੀ ਤੇ ਪ੍ਰੇਸ਼ਾਨ ਹਾਂ। ਉਨ੍ਹਾਂ ਸਮਾਜਿਕ ਅਤੇ ਧਾਰਮਿਕ ਕੁਰੀਤੀਆਂ ਦਾ ਖੁਲਾਸਾ ਜੋ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਉਸ ਸਮੇਂ ਕੀਤਾ ਉਹ ਉਸ ਸਮੇਂ ਵੀ ਸੱਚਾ ਸੀ ਅਤੇ ਅੱਜ ਦੇ ਸਮੇਂ ਵੀ ਅੱਖਰ-ਅੱਖਰ ਸਾਡੇ ਉੱਪਰ ਢੁੱਕ ਰਿਹਾ ਹੈ। ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ ਹੋ ਕੀ ਰਿਹਾ ਹੈ-

**ਕਲਿ ਆਈ ਕੁਤੇ ਮੁਹੀ ਖਾਜ ਹੋਇਆ ਮੁਰਦਾਰ ਗੁਸਾਈ॥**
**ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥**
**ਪਰਜਾ ਅੰਧੀ ਗਿਆਨ ਬਿਨੁ ਕੂੜੁ ਕੁਸਤਿ ਮੁਖਹੁ ਆਲਾਈ॥**
**ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ॥**
**ਸੇਵਕ ਬੈਠਨਿ ਘਰਾਂ ਵਿੱਚ ਗੁਰ ਉਠਿ ਘਰੀ ਤਿਨਾੜੇ ਜਾਈ॥**
**ਕਾਜੀ ਹੋਇ ਰਿਸ਼ਵਤੀ ਵਢੀ ਲੈ ਕੇ ਹੱਕ ਗਵਾਈ॥**
**ਇਸਤਰੀ ਪੁਰਖੈ ਦਾਮ ਹਿਤ ਭਾਵੈ ਆਇ ਕਿਥਾਊ ਜਾਈ॥**
**ਵਰਤਿਆ ਪਾਪ ਸਭਸ ਜਗ ਮਾਂਹੀ॥30॥**

(**ਭਾਈ ਗੁਰਦਾਸ ਜੀ, ਵਾਰ 1 ਪਉੜੀ** 30)

ਦੀ ਅੱਖਰ-ਅੱਖਰ ਸੱਚਾਈ ਵਰਤ ਰਹੀ ਹੈ। ਵਾੜ ਖੇਤ ਨੂੰ ਖਾ ਰਹੀ ਹੈ। "ਸੀਲੁ ਸੰਜਮੁ ਸੁਚ ਭੰਨੀ ਖਾਣਾ ਖਾਜੁ ਅਹਾਜੁ" ਹੋ ਗਿਆ ਹੈ। ਪਰ ਪਾਸੇ ਵੱਢੀ ਰਿਸ਼ਵਤਖੋਰੀ ਦਾ ਬੋਲ-ਬਾਲਾ ਹੈ। ਪਹਿਰੇਦਾਰ ਹੀ ਘਰਾਂ ਨੂੰ ਭੰਨ ਰਹੇ ਹਨ। ਅਗਵਾਈ ਕਰਨ ਵਾਲੇ ਉਜਾੜਨ ਦੇ ਰਸਤੇ ਉੱਤੇ ਪੈ ਗਏ ਹਨ, ਬੇੜੀ ਨੂੰ ਮਲਾਹ ਹੀ ਡੋਬ ਰਹੇ ਹਨ। ਕਿਸੇ ਪਾਸੇ ਤੋਂ ਵੀ ਆਸ ਦੀ ਕਿਰਨ ਨਹੀਂ ਦਿਸ ਰਹੀ।

ਧਾਰਮਿਕ ਪੱਖੋਂ ਇੰਨੀ ਗਿਰਾਵਟ ਆ ਗਈ ਹੈ ਕਿ ਦੇਹਧਾਰੀ ਗੁਰੂਆਂ ਦੇ ਦੰਭ ਦਾ ਬੋਲ-ਬਾਲਾ ਹਰ ਪਾਸੇ ਪ੍ਰਧਾਨ ਹੈ। ਮਾਇਆ ਦੀ ਖਾਤਰ ਧਰਮ ਇਮਾਨ ਵੇਚਿਆ ਜਾ ਰਿਹਾ ਹੈ, ਦੁਨਿਆਵੀ ਵਿਦਿਆ ਦਾ ਪ੍ਰਚਾਰ ਪ੍ਰਸਾਰ ਵਧੇਰੇ ਹੋਇਆ ਹੈ ਪਰ ਅਗਿਆਨਤਾ ਘੱਟਣ ਦੀ ਥਾਂ ਇੰਨੀ ਵੱਧ ਗਈ ਹੈ ਕਿ ਹਰ ਅੱਧੇ-ਪੌਣੇ ਮੀਲ 'ਤੇ ਕਬਰਾਂ ਮੜ੍ਹੀਆਂ, ਮੱਠਾਂ ਅਤੇ ਤਕੀਆਂ ਦੇ ਰੂਪ ਵਿੱਚ ਜਠੇਰਿਆਂ ਦਾ ਜਾਲ ਵਿਛ ਰਿਹਾ ਹੈ। ਬੇਲੋੜੀਆਂ ਰਸਮਾਂ ਰਿਵਾਜ਼ਾਂ ਨੇ ਸਾਡੇ ਉਦਾਲੇ ਮੱਕੜ ਜਾਲ ਉਣ ਲਿਆ ਹੈ।

ਪੱਛਮੀ ਪ੍ਰਭਾਵ ਅਧੀਨ ਦੇਖਾ ਦੇਖੀ ਅਸੀਂ ਬਹੁਤ ਸਾਰੀਆਂ ਬੇਲੋੜੀਆਂ ਰਸਮਾਂ ਰੀਤਾਂ ਅਪਣਾ ਲਈਆਂ ਹਨ, ਜਿਨ੍ਹਾਂ ਦੀ ਸਾਡੀ ਸਮਾਜ ਵਿੱਚ ਬਹੁਤ ਲੋੜ ਨਹੀਂ ਹੈ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਦਸੰਬਰ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ



1. **ਗੁਰੂ ਤੇਗ ਬਹਾਦਰ ਸਾਹਿਬ ਅਤੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਗੁਰਪੁਰਬ ਸਬੰਧੀ :-** ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡਸ਼ਨ ਸੈਕਟਰ-30ਏ, ਚੰਡੀਗੜ੍ਹ ਦੇ ਗੁਰੂ ਘਰ ਵਿਚ ਹਰ ਮਹੀਨੇ ਦੀ ਤਰ੍ਹਾਂ ਪੋਹ ਦੇ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ 16 ਦਸੰਬਰ ਦਿਨ ਐਤਵਾਰ ਨੂੰ ਮਨਾਇਆ ਗਿਆ। ਸੈਕਟਰ-19 ਗੁਰਦੁਆਰਾ ਸਾਹਿਬ ਦੇ ਰਾਗੀ ਸਿੰਘਾਂ ਦੁਆਰਾ ਕੀਰਤਨ ਗੁਰੂ ਤੇਗ ਬਹਾਦਰ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਕੀਤਾ ਗਿਆ। ਰਾਗੀ ਸਿੰਘਾਂ ਨੇ ਗੁਰੂ ਤੇਗ ਬਹਾਦਰ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਵਿਖਿਆਨ ਕੀਤਾ। ਪ੍ਰਧਾਨ ਜਗੀਰ ਸਿੰਘ ਲਾਲੀਆ ਨੇ ਵੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕੇ ਪੋਹ ਦਾ ਮਹੀਨਾ ਸ਼ਹੀਦੀਆਂ ਭਰਿਆ ਮਹੀਨਾ ਹੈ। ਪ੍ਰਧਾਨ ਜੀ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਇਸ ਮਹੀਨੇ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਦੇਣ ਲਈ ਸਾਰੀ ਸੰਗਤ ਜਦੋਂ ਵੀ ਸਮਾਂ ਮਿਲਦਾ ਹੈ ਸਰਹਿੰਦ (ਫਤਿਹਗੜ੍ਹ ਸਾਹਿਬ) ਜ਼ਰੂਰ ਪਹੁੰਚਣ ਅਤੇ ਆਪਣੇ ਸ਼ਰਧਾ ਦੇ ਫੁੱਲ ਭੇਟ ਕਰਨ। ਮੈਨੇਜਮੈਂਟ ਦੇ ਅਹੁਦੇਦਾਰ ਪ੍ਰਧਾਨ ਸਮੇਤ ਮੀਤ ਪ੍ਰਧਾਨ ਸ. ਗੁਲਸ਼ਨ ਕੁਮਾਰ ਸਿੰਘ, ਮੀਤ ਪ੍ਰਧਾਨ ਸ. ਬਲਵਿੰਦਰ ਸਿੰਘ ਮੁਲਤਾਨੀ, ਵਿੱਤ ਸਕੱਤਰ ਸ. ਹਰਦਿਆਲ ਸਿੰਘ ਘੋਤੜਾ, ਸਕੱਤਰ ਸ. ਰਵਿੰਦਰ ਸਿੰਘ ਅਤੇ ਕਾਰਜਕਾਰਨੀ ਮੈਂਬਰ ਸ. ਚਰਨਜੀਤ ਸਿੰਘ ਲੁਬਾਣਾ ਸਭ ਆਪਣੀਆਂ ਪਤਨੀਆਂ ਸਮੇਤ ਸਰਹਿੰਦ ਪਹੁੰਚੇ ਅਤੇ ਮਹਾਨ ਸ਼ਹੀਦ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ।



2. **ਵਰਕਿੰਗ ਕਮੇਟੀ ਮੀਟਿੰਗ ਬਾਰੇ :-** ਵਰਕਿੰਗ ਕਮੇਟੀ ਮੀਟਿੰਗ 29-11-2018 ਨੂੰ ਪ੍ਰਧਾਨ ਜਗੀਰ ਸਿੰਘ ਲਾਲੀਆ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਲਗਭਗ-20 ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਵਿਚ ਤਕਰੀਬਨ 10 ਮੁੱਦਿਆਂ ਤੇ ਚਰਚਾ ਹੋਈ। ਸਭ ਤੋਂ ਖਾਸ ਮੁੱਦਾ ਸੋਲਰ ਪਲਾਂਟ ਲਗਾਉਣ ਬਾਰੇ ਵਿਚਾਰਿਆ ਗਿਆ। ਪ੍ਰਧਾਨ ਜੀ ਨੇ ਦੱਸਿਆ ਕਿ ਸੋਲਰ ਪਲਾਂਟ ਯੂ.ਟੀ. ਪ੍ਰਸ਼ਾਸ਼ਨ ਵੱਲੋਂ ਮੈਂਡੇਟਰੀ ਕਰ ਦਿੱਤਾ ਗਿਆ ਹੈ ਅਤੇ ਇਸ ਤੇ 20 ਤੋਂ 25 ਲੱਖ ਰੁਪਇਆ ਖਰਚਾ ਆ ਸਕਦਾ ਹੈ। ਪ੍ਰਧਾਨ ਜੀ ਨੇ ਅਪੀਲ ਵੀ ਕੀਤੀ ਕਿ ਸਭ ਮੈਂਬਰ ਇਸ ਰਾਸ਼ੀ ਵਿਚ ਵੱਧ ਤੋਂ ਵੱਧ ਹਿੱਸਾ ਪਾਉਣ ਤਾਂ ਕਿ ਅਸੀਂ ਵਿਆਜ ਤੇ ਰਾਸ਼ੀ ਲੈਣ ਤੋਂ ਬਿਨਾਂ ਹੀ ਇਹ ਸੋਲਰ ਪਲਾਂਟ ਲਗਾ ਸਕੀਏ। ਮੈਂਬਰਾਂ ਨੇ ਇਹ ਪਾਸ ਵੀ ਕਰ ਦਿੱਤਾ ਕਿ ਸੋਲਰ ਪਲਾਂਟ ਲਗਵਾ ਲਿਆ ਜਾਏ। ਜਿਸ ਦਾ ਫਾਉਂਡੇਸ਼ਨ ਨੂੰ ਅੱਗੇ ਜਾ ਕਿ ਬਹੁਤ ਲਾਭ ਹੋ ਸਕਦਾ ਹੈ। ਵੱਖਰੇ ਤੌਰ ਤੇ ਵੀ ਮੈਂਬਰਾਂ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਇਸ ਨੇਕ ਕੰਮ ਵਿਚ ਵੱਧ ਚੜ੍ਹ ਕੇ ਦਾਨ ਕਰਨ।

**3. ਓ.ਬੀ.ਸੀ. ਦੀ ਰੀਜ਼ਰਵੇਸ਼ਨ ਸਬੰਧੀ** :- ਪੰਜਾਬ ਇੰਜੀਨੀਅਰਿੰਗ ਕਾਲਜ ਡੀਮਡ ਯੂਨੀਵਰਸਿਟੀ ਚੰਡੀਗੜ੍ਹ ਵਿਚ ਰਿਜ਼ਰਵੇਸ਼ਨ ਬਾਰੇ ਅਪੀਲ ਜੋ ਸੁਪਰੀਮ ਕੋਰਟ ਵਿਚ ਪਾਈ ਹੋਈ ਹੈ, ਉਸ ਦੀ ਛੇਤੀ ਸੁਣਵਾਈ ਬਾਰੇ ਅਪੀਲ ਕਰ ਦਿੱਤੀ ਗਈ ਹੈ। ਇਸ ਕੇਸ ਨੂੰ ਪੰਜ ਲੋਕਲ ਭਵਨਾਂ ਵੱਲੋਂ ਕਮੇਟੀ ਪੈਰਵਾਈ ਕਰ ਰਹੀ ਹੈ। ਇਸ ਦੀ ਅਗਲੀ ਸੁਣਵਾਈ ਤੋਂ ਬਾਅਦ ਜੋ ਪ੍ਰਗਤੀ ਹੋਵੇਗੀ ਦੱਸ ਦਿੱਤੀ ਜਾਵੇਗੀ।

**4. ਸਕਾਲਰਸ਼ਿਪ ਬਾਰੇ** :- ਸਕਾਲਰਸ਼ਿਪ ਦੀਆਂ ਟੋਟਲ 168 ਅਰਜ਼ੀਆਂ ਪਹੁੰਚੀਆਂ ਸਨ। ਸਕਾਲਰਸ਼ਿਪ ਕਮੇਟੀ ਦੀਆਂ ਦੋ ਮੀਟਿੰਗਾਂ ਹੋ ਚੁੱਕੀਆਂ ਹਨ। ਕਈ ਅਰਜ਼ੀਆਂ ਵਿਚ ਕੁਝ ਤਰੁੱਟੀਆਂ ਪਾਈਆਂ ਗਈਆਂ ਹਨ, ਜਿਸ ਤਰ੍ਹਾਂ ਇਨੰਕਮ ਸਰਟੀਫਿਕੇਟ ਨਹੀਂ ਲੱਗਾ ਸੀ ਜਾਂ ਅੱਠਵੀਂ ਜਮਾਤ ਅਤੇ ਦੱਸਵੀਂ ਜਮਾਤ ਦੇ ਨੰਬਰਾਂ ਦੀ ਡੀਟੇਲ ਨਹੀਂ ਸੀ। ਉਹਨਾਂ ਯੋਗ ਵਿਦਿਆਰਥੀਆਂ ਤੋਂ ਲੋੜੀਂਦੇ ਡਾਕੂਮੈਂਟਸ ਵਟਸ-ਐਪ ਰਾਹੀਂ ਮੰਗਵਾ ਕੇ ਇਹ ਤਰੁਟੀਆਂ ਪੂਰੀਆਂ ਕਰ ਲਈਆਂ ਗਈਆਂ ਹਨ। ਗਰੁੱਪ ਏ, ਬੀ, ਸੀ, ਡੀ ਅਤੇ ਗਰੁੱਪ ਈ ਦੀਆਂ ਅਰਜ਼ੀਆਂ ਫਾਇਨਲ ਕਰ ਲਈਆਂ ਗਈਆਂ ਹਨ। ਟੋਟਲ 83 ਅਰਜ਼ੀਆਂ ਚੁਣੀਆਂ ਗਈਆਂ ਹਨ। ਅਗਲੀ ਮੀਟਿੰਗ ਵਿਚ ਫਾਇਨਲ ਅਪਰੂਵਲ ਕਰ ਕੇ ਚੈੱਕ ਤਿਆਰ ਕਰ ਦਿੱਤੇ ਜਾਣਗੇ। ਇਹ ਚੈੱਕ ਦਸੰਬਰ ਤੱਕ ਦੇ ਸਕਾਲਰਸ਼ਿਪ ਦੇ ਹੋਣਗੇ ਅਤੇ ਜਨਵਰੀ ਦੇ ਪਹਿਲੇ ਹਫਤੇ ਜਾਰੀ ਕਰ ਦਿੱਤੇ ਜਾਣਗੇ। ਬਾਕੀ ਅਰਜ਼ੀਆਂ ਵਿਚੋਂ ਕੁਝ ਹੋਰ ਬਹੁਤ ਗਰੀਬ ਜਾਂ ਮਾਤਾ-ਪਿਤਾ ਤੋਂ ਬਗੈਰ ਬੱਚਿਆਂ ਨੂੰ ਚੁਣਿਆ ਜਾਵੇਗਾ ਅਤੇ ਉਹਨਾਂ ਦੀ ਲੰਪ-ਸੰਮ ਸਹਾਇਤਾ ਕੀਤੀ ਜਾਵੇਗੀ।



**5. ਕਾਨਫਰੈਂਸ ਹਾਲ ਬਾਰੇ** :- ਕਾਨਫਰੈਂਸ ਹਾਲ ਦੀ ਤਿਆਰੀ ਹੋ ਚੁੱਕੀ ਹੈ। ਕਾਨਫਰੈਂਸ ਹਾਲ ਦੀ ਲਾਈਟ ਫਿਟਿੰਗ ਤੇ ਪਰਦਿਆਂ ਦਾ ਕੰਮ ਪੂਰਾ ਹੋ ਚੁੱਕਿਆ ਹੈ। ਕਾਨਫਰੈਂਸ ਹਾਲ ਦੇ ਫਰਨੀਚਰ ਦਾ ਆਰਡਰ ਹੋ ਚੁੱਕਿਆ ਹੈ। ਇਕ ਹਫਤੇ ਤਕ ਸਾਰਾ ਫਰਨੀਚਰ ਦਾ ਸਾਮਾਨ ਤਿਆਰ ਹੋ ਕਿ ਆ ਸਕਦਾ ਹੈ। ਉਮੀਦ ਹੈ ਕਿ ਜਨਵਰੀ ਮਹੀਨੇ ਦੇ ਵਿਚ ਉਦਘਾਟਨ ਕਰ ਦਿੱਤਾ ਜਾਵੇਗਾ।

**6. ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾਉਣ ਬਾਰੇ** :- ਸਾਡੇ ਬਹੁਤ ਹੀ ਸਤਿਕਾਰਯੋਗ ਮੈਂਬਰ ਨੇ ਪ੍ਰਧਾਨ ਜੀ ਦੇ ਨੋਟਿਸ ਵਿਚ ਲਿਆਂਦਾ ਸੀ ਕਿ ਨਾਢਾ ਸਾਹਿਬ ਗੁਰਦੁਆਰਾ ਸਾਹਿਬ ਵਿਚ ਜੋ ਬਾਹਰ ਇਤਿਹਾਸਿਕ ਬੋਰਡ ਲੱਗੇ ਹੋਏ ਹਨ ਉਨ੍ਹਾਂ ਵਿਚ ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲ ਲੁਬਾਣਾ ਲਫ਼ਜ਼ ਲਿਖਿਆ ਸੀ ਹਟਾ ਦਿੱਤਾ ਗਿਆ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੇ ਪ੍ਰਧਾਨ, ਦੋਵੇਂ ਮੀਤ ਪ੍ਰਧਾਨ, ਵਿੱਤ ਸਕੱਤਰ ਅਤੇ ਕਾਰਜਕਾਰਨੀ ਮੈਂਬਰ ਇੱਕਠੇ ਹੋ ਕਿ ਨਾਢਾ ਸਾਹਿਬ ਦੇ ਮੈਨੇਜਰ ਸਾਹਿਬ ਨੂੰ ਮਿਲੇ ਸੀ ਅਤੇ ਇਸ ਸਬੰਧੀ ਸਾਰੀ ਗੱਲਬਾਤ ਕੀਤੀ ਅਤੇ ਮੈਨੇਜਰ ਸਾਹਿਬ ਨੇ ਕਿਹਾ ਕਿ ਤੁਸੀਂ ਇਸ ਬਾਰੇ ਲਿਖ ਕੇ ਭੇਜ ਦਿਓ ਅਸੀਂ ਵਿਚਾਰ ਕਰਾਂਗੇ। ਇਸ ਮਸਲੇ ਤੇ ਪ੍ਰਧਾਨ ਜੀ ਨੇ ਮੈਨੇਜਰ ਗੁਰਦੁਆਰਾ ਨਾਢਾ ਸਾਹਿਬ ਨੂੰ ਪੱਤਰ ਰਾਹੀਂ ਬੇਨਤੀ ਕੀਤੀ ਹੈ ਕਿ ਜਿਸ ਤਰ੍ਹਾਂ ਪਹਿਲਾਂ ਇਤਿਹਾਸ ਵਿਚ ਨਾਢੂ ਸ਼ਾਹ ਲੁਬਾਣਾ ਦੇ ਨਾਮ ਨਾਲ ਲੁਬਾਣਾ ਲਫ਼ਜ਼ ਲਿਖਿਆ ਹੋਇਆ ਸੀ ਉਸੇ ਤਰ੍ਹਾਂ ਹੀ ਲਿਖ ਦਿੱਤਾ ਜਾਵੇ। ਇਸ ਪੱਤਰ ਦੀ ਇੱਕ ਕਾਪੀ ਐਸ.ਜੀ.ਪੀ.ਸੀ. ਦੇ ਪ੍ਰਧਾਨ ਨੂੰ ਵੀ ਦਿੱਤੀ ਗਈ ਸੀ ਅਤੇ ਇੱਕ ਕਾਪੀ ਮਾਨਯੋਗ ਬੀਬੀ ਜਗੀਰ ਕੌਰ ਨੂੰ ਵੀ ਭੇਜੀ ਗਈ ਸੀ। ਅਜੇ ਤੱਕ ਉਸ ਪੱਤਰ ਦਾ ਕੋਈ ਜਵਾਬ ਨਹੀਂ ਆਇਆ। ਇੱਕ ਹਫਤਾ ਹੋਰ ਉਡੀਕ ਕਰਨ ਤੋਂ ਬਾਅਦ ਇੱਕ ਯਾਦ ਪੱਤਰ ਹੋਰ ਭੇਜਿਆ ਜਾਵੇਗਾ। ਅਗਲੇ ਮਹੀਨੇ ਤੱਕ ਨਾ

ਜਵਾਬ ਆਇਆ ਤਾਂ ਅਸੀਂ ਪ੍ਰਧਾਨ ਨਾਢਾ ਸਾਹਿਬ ਗੁਰਦੁਆਰਾ ਨੂੰ ਆਪ ਮਿਲ ਕੇ ਡਿਸਕਸ ਕਰਾਂਗੇ ਅਤੇ ਜੋ ਵੀ ਫੈਸਲਾ ਹੋਇਆ ਅਗਲੇ ਮੈਗਜ਼ੀਨ ਵਿਚ ਦੱਸ ਦਿੱਤਾ ਜਾਵੇਗਾ।

7. **ਐਂਬੂਲੈਂਸ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੀ ਐਂਬੂਲੈਂਸ ਜਲੰਧਰ ਤੋਂ ਵਾਪਿਸ ਮੰਗਾ ਲਈ ਗਈ ਹੈ ਅਤੇ ਇਹ ਐਂਬੂਲੈਂਸ ਨਰਾਇਣਗੜ੍ਹ ਹਰਿਆਣਾ ਵਿਚ ਭੇਜੀ ਜਾਣੀ ਹੈ। ਐਂਬੂਲੈਂਸ ਦਾ ਕਾਫੀ ਕੰਮ ਹੋਣ ਵਾਲਾ ਹੈ ਜੋ ਕਰਵਾਇਆ ਜਾ ਰਿਹਾ ਹੈ। ਐਂਬੂਲੈਂਸ ਦੀ ਇੰਸ਼ੋਰੈਂਸ ਪਿਛਲੇ ਸਾਲ ਦੀ ਹੀ ਖ਼ਤਮ ਹੋ ਚੁੱਕੀ ਸੀ ਉਹ ਹੁਣ ਨਵੇਂ ਸਿਰੇ ਤੋਂ ਕਰਵਾਈ ਗਈ ਹੈ। ਦੋਵੇਂ ਬੈਟਰੀਆਂ ਵੀ ਖਤਮ ਹੋ ਚੁੱਕੀਆਂ ਹਨ ਉਹਨਾਂ ਦੀ ਰਿਪੇਅਰ ਕਰਵਾਈ ਜਾ ਰਹੀ ਹੈ। ਕੁਝ ਦਿਨਾਂ ਬਾਅਦ ਹੀ ਐਂਬੂਲੈਂਸ ਨਰਾਇਣਗੜ੍ਹ ਭੇਜ ਦਿੱਤੀ ਜਾਵੇਗੀ।

8. **ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਦਸੰਬਰ ਮਹੀਨੇ ਦੇ ਇਲਾਜ ਦਾ ਵੇਰਵਾ ਇਸ ਤਰ੍ਹਾਂ ਹੈ:-

1. ਮੈਡੀਕਲ ਓ.ਪੀ.ਡੀ - 130
2. ਮੈਡੀਕਲ ਲੈਬ - 35
3. ਡੈਂਟਲ ਕਲੀਨਿਕ - 31

**ਜਗੀਰ ਸਿੰਘ ਲਾਲੀਆ**
**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ**
**ਫਾਉਂਡੇਸ਼ਨ ਚੰਡੀਗੜ੍ਹ।**

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਉਪ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

# "ਕਾਹਨੂੰਵਾਨ (ਗੁਰਦਾਸਪੁਰ) ਤੋਂ ਚੰਡੀਗੜ੍ਹ ਤੱਕ ਐਜੂਕੇਸ਼ਨਲ ਅਤੇ ਧਾਰਮਿਕ ਟੂਰ"

**ਕਰਨਲ ਪਰਮਜੀਤ ਸਿੰਘ ਪਾਲੀਆ**



ਪਿੰਡ ਕਾਹਨੂੰਵਾਨ (ਗੁਰਦਾਸਪੁਰ) ਤੋ ਚੰਡੀਗੜ੍ਹ ਜਾਂਦੇ ਵਿਦਿਅਕ ਟੂਰ ਦਾ ਵੇਰਵਾ ਕਰਨਲ ਪਰਮਜੀਤ ਸਿੰਘ ਪਾਲੀਆ ਸਪੁੱਤਰ ਸ. ਗੁਰਚਰਨ ਸਿੰਘ ਪਾਲੀਆ ਚੰਡੀਗੜ੍ਹ ਨਿਵਾਸੀ ਜੋ ਮੂਲ ਤੌਰ ਤੇ ਪਿੰਡ ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ ਦੇ ਜੰਮਪਲ ਹਨ। ਉਹ ਤਕਰੀਬਨ 50 ਕੁ ਸਾਲ ਪਹਿਲਾਂ ਕਾਹਨੂੰਵਾਨ ਪਿੰਡ ਤੋਂ ਸ਼ਿਫਟ ਹੋ ਕੇ ਚੰਡੀਗੜ੍ਹ ਆ ਗਏ। ਪਰ ਉਹ ਹਮੇਸ਼ਾਂ ਹੀ ਕਾਹਨੂੰਵਾਨ ਦੇ ਨਿਵਾਸੀਆਂ ਨਾਲ ਸੰਪਰਕ ਵਿਚ ਰਹਿੰਦੇ ਹਨ ਅਤੇ ਉਹਨਾਂ ਦੀ ਹਮੇਸ਼ਾਂ ਹੀ ਤਾਂਘ ਹੁੰਦੀ ਹੈ ਕਿ ਮੇਰੇ ਪਿੰਡ ਦੇ ਬੱਚਿਆਂ ਨੂੰ ਇਹੋ ਜਿਹੀਆਂ ਸਹੂਲਤਾਂ ਮਿਲਣ ਜਿਸ ਨਾਲ ਉਹ ਵਿਦਿਆ ਪ੍ਰਾਪਤ ਕਰ ਕੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਕੇ ਉਚੇਰੀਆਂ ਪਦਵੀਆਂ ਪ੍ਰਾਪਤ ਕਰਨ ਦੇ ਯੋਗ ਹੋ ਸਕਣ। ਉਹਨਾਂ ਨੇ ਜ਼ਰੂਰਤਮੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਟਿਊਸ਼ਨ ਦਿਵਾਉਣ ਦੇ ਉਪਰਾਲੇ ਕਰਦੇ ਹੋਏ ਇੱਕ ਜਿਮ ਵੀ ਕਾਹਨੂੰਵਾਨ ਵਿਖੇ ਖੋਲ ਕੇ ਦਿੱਤੀ। ਉਹ ਆਪਣੇ ਪੁਰਾਣੇ ਸਾਥੀਆਂ ਪ੍ਰਿੰ. ਈਸ਼ਰ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ, ਪ੍ਰਿੰ. ਨਿਰਮਲ ਸਿਘ ਅਤੇ ਸਾਬਕਾ ਨੇਵੀ ਅਫ਼ਸਰ ਸ. ਕਰਨੈਲ ਸਿੰਘ ਨਾਲ ਸਲਾਹਾਂ ਕਰਕੇ ਇਸ ਪਾਸੇ ਹਮੇਸ਼ਾਂ ਯਤਨਸ਼ੀਲ ਹੋ ਕੇ ਉਪਰਾਲੇ ਕਰਦੇ ਰਹਿੰਦੇ ਹਨ। ਸਾਨੂੰ ਇਹਨਾਂ ਤੇ ਮਾਣ ਹੈ ਅਤੇ ਦੂਸਰੇ ਜਿਸ ਪਿੰਡ ਦੇ ਰਿਟਾਇਰਡ ਅਤੇ ਮੌਜੂਦਾ ਉੱਚ ਅਧਿਕਾਰੀਆਂ ਤੋਂ ਆਸ ਕਰਦੇ ਹਾਂ ਕਿ ਉਹ ਵੀ ਆਪਣੀ ਜਨਮ ਭੂਮੀ ਦਾ ਜੋ ਕਰਜ ਹੈ ਉਸ ਪ੍ਰਤੀ ਆਪਣਾ ਫਰਜ਼ ਸਮਝ ਕੇ ਇੱਥੋਂ ਦੀ ਨੌਜਵਾਨ ਪੀੜ੍ਹੀ ਦੇ ਜੀਵਨ ਪੱਧਰ ਨੂੰ ਉਚੇਰਾ ਚੁੱਕਣ ਵਾਸਤੇ ਉਪਰਾਲੇ ਕਰਦੇ ਰਹਿਣਗੇ। ਕਰਨਲ ਪਰਮਜੀਤ ਸਿੰਘ ਇੱਥੋਂ ਦੇ ਬੱਚਿਆਂ ਦਾ ਟੂਰ ਹਰ ਸਾਲ ਚੰਡੀਗੜ੍ਹ ਲਿਜਾਂਦੇ ਹਨ। ਐਤਕੀ ਵੀ ਮਿਤੀ 13-10-2018 ਨੂੰ ਇਹ ਟੂਰ ਪ੍ਰਿੰ. ਈਸ਼ਰ ਸਿੰਘ,

ਸ. ਕਰਨੈਲ ਸਿੰਘ ਦੀ ਅਗਵਾਹੀ ਵਿਚ 50 ਬੱਚਿਆਂ ਦੀ ਸ਼ਮੂਲੀਅਤ ਨਾਲ ਸ਼ੁਰੂ ਕੀਤਾ ਗਿਆ। ਸਭ ਤੋਂ ਪਹਿਲਾਂ 12 ਕੁ ਵਜੇ ਬਾਬਾ ਬੰਦਾ ਸਿੰਘ ਬਹਾਦਰ ਜੀ ਨਾਲ ਸਬੰਧਿਤ ਯਾਦਗਾਰ ਜੋ ਕਿ ਚਪੜਚਿੜੀ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ ਬਣੀ ਹੈ, ਉਹ ਬੱਚਿਆਂ ਨੂੰ ਦਿਖਾਈ ਗਈ। ਪਹਿਲੇ ਸਿੱਖ ਰਾਜ ਦੀ ਸਥਾਪਤੀ ਲਈ ਬਾਬਾ ਜੀ ਦੁਆਰਾ ਜੋ ਤਿੰਨ ਲੜਾਈਆਂ ਸਮਾਣਾ, ਸਢੋਰਾਂ ਅਤੇ ਚਪੜਚਿੜੀ ਜਿਤੀਆਂ ਉਹਨਾਂ ਜਿੱਤਾਂ ਨੂੰ ਰੂਪਮਾਨ ਕਰਦਾ 328 ਫੁੱਟ ਉੱਚਾ ਫਤਿਹ ਮੀਨਾਰ ਪੰਜਾਬ ਸਰਕਾਰ ਵੱਲੋਂ 2011 ਵਿਚ ਬਣਾਇਆ ਗਿਆ। ਉੱਥੇ ਉਹਨਾਂ ਦੇ ਸਹਿਯੋਗੀ ਜਰਨੈਲਾਂ ਦੇ ਵੀ ਬੁੱਤ ਲਗਾਏ ਗਏ ਹਨ। ਉਸ ਤੋਂ ਬਾਅਦ ਛੱਤਬੀੜ ਦੇ ਚਿੜੀਆ ਘਰ ਗਏ ਜੋ ਵਿਸ਼ਾਲ ਚੋਗਿਰਦੇ ਵਿਚ ਫੈਲਿਆ ਹੋਇਆ ਦੁਨੀਆਂ ਦੀ ਹਰੇਕ ਵੰਨਗੀ ਦੇ ਜੀਵਾਂ ਨੂੰ ਸਮੇਟਿਆ ਬੈਠਾ ਹੈ। ਉਹ ਬੱਚਿਆਂ ਨੇ ਬਹੁਤ ਦਿਲਚਸਪੀ ਅਤੇ ਉਤਸ਼ਾਹ ਨਾਲ ਦੇਖਿਆ ਕਿ ਇਸ ਸੰਸਾਰ ਤੇ ਵੱਖ-ਵੱਖ ਸ਼੍ਰੇਣੀਆਂ ਦੇ ਜੀਵ ਹਨ। ਕਿਤਾਬੀ ਗਿਆਨ ਨੂੰ ਆਪਣੇ ਅੱਖੀ ਰੂਪਮਾਨ ਦੇਖ ਕੇ ਉਹ ਗਿਆਨ ਅਮਿੱਟ ਹੋ ਜਾਂਦਾ ਹੈ ਜੋ ਕਦੀ ਭੁਲਦਾ ਹੀ ਨਹੀਂ। ਉਸ ਤੋਂ ਬਾਅਦ ਦੱਸਵੀਂ ਪਾਤਸ਼ਾਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਗੁਰਦੁਆਰਾ ਨਾਢਾ ਸਾਹਿਬ (ਪੰਚਕੂਲਾ) ਨਤਮਸਤਕ ਹੋਏ। ਗੁਰੂ ਸਾਹਿਬ ਭੰਗਾਣੀ ਦੇ ਯੁੱਧ ਉਪਰੰਤ ਸ਼੍ਰੀ ਆਨੰਦਪੁਰ ਸਾਹਿਬ ਵਾਪਿਸ ਜਾ ਰਹੇ ਸਨ। ਇਸ ਅਸਥਾਨ ਤੇ ਬਾਬਾ ਨਾਢੂ ਸ਼ਾਹ ਲੁਬਾਣਾ ਨੇ ਗੁਰੂ ਸਾਹਿਬ ਅਤੇ ਉਹਨਾਂ ਦੀਆਂ ਫੌਜਾਂ ਦੀ ਟਹਿਲ ਸੇਵਾ ਕੀਤੀ। ਘੋੜਿਆਂ ਵਾਸਤੇ ਚਾਰੇ ਦਾ ਪ੍ਰਬੰਧ ਕੀਤਾ।

ਇਸ ਯਾਦ ਨੂੰ ਸਮਰਪਿਤ ਇਹ ਵਿਸ਼ਾਲ ਧਾਰਮਿਕ ਸਥਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਚੱਲ ਰਿਹਾ ਹੈ। ਸ਼ਾਮ ਸਮੇਂ ਪਿਕਨਿਕ ਸਪਾਟ ਪਿੰਜੌਰ ਗਾਰਡਨ ਗਏ ਜਿੱਥੇ ਵੱਖ-ਵੱਖ ਕਿਸਮ ਦੇ ਫੁਹਾਰੇ ਰੰਗ-ਬਰੰਗੀਆਂ ਰੋਸ਼ਨੀਆਂ ਵਿਚ ਮਨਮੋਹਕ ਦ੍ਰਿਸ਼ ਪੈਦਾ ਕਰ ਰਹੇ ਸਨ। ਬੱਚਿਆਂ ਨੇ ਇਹਨਾਂ ਦ੍ਰਿਸ਼ਾਂ ਦਾ ਵਿਸ਼ਾਲ ਗਾਰਡਨ ਵਿਚ ਘੁੰਮ ਕੇ ਖ਼ੂਬ ਆਨੰਦ ਮਾਣਿਆ। ਰਾਤ ਸਮੇਂ ਰਿਹਾਇਸ਼ ਅਤੇ ਖਾਣੇ ਦਾ ਪ੍ਰਬੰਧ ਕਰਨਲ ਸਾਹਿਬ ਵੱਲੋਂ ਲੁਬਾਣਾ ਕੌਮ ਦੇ ਕੇਂਦਰੀ ਸਥਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ ਕੀਤਾ ਗਿਆ ਸੀ। ਭਵਨ ਦੇ ਪ੍ਰਬੰਧਕਾਂ ਦੀ ਸਰਾਹਨਾਂ ਕਰਨੀ ਬਣਦੀ ਹੈ। ਜਿਨ੍ਹਾਂ ਨੇ ਬੱਚਿਆਂ ਦੀ ਠਹਿਰਣ ਨਾਲ ਸਬੰਧਿਤ ਹਰੇਕ ਸੁਵਿਧਾ ਮੁਹੱਈਆ ਕਰਵਾਈ। ਸਵੇਰੇ ਨਾਸ਼ਤਾ ਕਰਨ ਉਪਰੰਤ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਨੇ ਮੱਥਾ ਟੇਕਿਆ ਅਤੇ ਫਾਉਂਡੇਸ਼ਨ ਦੇ ਜਨਰਲ ਸਕੱਤਰ ਸਰਦਾਰਨੀ ਹਰਪ੍ਰੀਤ ਕੌਰ ਪੇਲੀਆ ਅਤੇ ਕਰਨਲ ਸਾਹਿਬ ਦੇ ਬਜ਼ੁਰਗ ਪਿਤਾ ਸ. ਗੁਰਚਰਨ ਸਿੰਘ ਪਾਲੀਆ ਨੇ ਬੱਚਿਆਂ ਨੂੰ ਜੀ ਆਇਆ ਕਿਹਾ ਅਤੇ ਨਾਲ ਹੀ ਮੈਡਮ ਨੇ ਬੱਚਿਆਂ ਦੀ ਰਿਫਰੈਸ਼ਮੈਂਟ ਵਾਸਤੇ 5,000/- ਰੁਪਏ ਦੀ ਰਾਸ਼ੀ ਭੇਂਟ ਕੀਤੀ। ਮੈਡਮ ਨੇ ਬਹੁਤ ਵਿਸਥਾਰ ਨਾਲ ਇਸ ਕੇਂਦਰੀ ਸਥਾਨ ਦੀ ਮਹੱਤਤਾ ਅਤੇ ਲੁਬਾਣਾ ਕੌਮ ਨਾਲ ਸਬੰਧਿਤ ਇਤਿਹਾਸ ਬੱਚਿਆਂ ਨੂੰ ਸਰਵਨ ਕਰਵਾਇਆ।

ਪ੍ਰਿੰ. ਈਸ਼ਰ ਸਿੰਘ ਨੇ ਕਰਨਲ ਸਾਹਿਬ ਵੱਲੋਂ ਮੈਨੇਜਮੈਂਟ ਦਾ ਧੰਨਵਾਦ ਕੀਤਾ। ਉਸ ਉਪਰੰਤ ਪ੍ਰਸਿੱਧ ਰਾਕ ਗਾਰਡਨ ਦੇਖਣ ਲਈ ਪਹੁੰਚੇ। ਨੇਕ ਚੰਦ ਜੋ ਮੂਲ ਰੂਪ ਵਿਚ ਅਵਵੰਡੇ ਪੰਜਾਬ ਦੇ ਗੁਰਦਾਸਪੁਰ ਦੀ ਤਹਿਸੀਲ ਸ਼ੰਕਰਗੜ ਦੇ ਪਿੰਡ ਬਾਰੀਆਂ ਕਲਾਂ ਦਾ ਜੰਮਪਲ ਸੀ। ਰੋਡ ਇੰਸਪੈਕਟਰ ਦੀ ਨੌਕਰੀ ਕਰਦੇ ਹੋਏ ਬਦਲ ਕੇ ਚੰਡੀਗੜ੍ਹ ਪਹੁੰਚ ਗਿਆ। ਜਿੱਥੇ ਉਸਨੇ ਆਪਣੇ ਵਿਹਲੇ ਸਮੇਂ ਵਿਚ ਜੰਗਲਾਤ ਦੀ ਭੂਮੀ 'ਚ ਜਿੱਥੇ ਚੰਡੀਗੜ੍ਹ ਦਾ ਕਬਾੜ ਸੁਟਿਆ ਜਾਂਦਾ ਸੀ, ਉਸ ਕਬਾੜ ਨੂੰ ਵਰਤੋਂ ਵਿਚ ਲਿਆ ਕੇ ਆਪਣੀ ਸਿਰਜਣਾਤਮਿਕ ਬੁੱਧੀ ਅਨੁਸਾਰ ਬਾ ਕਮਾਲ ਬੁੱਤ ਦੀ ਸਿਰਜਨਾ ਕਰਨੀ ਸ਼ੁਰੂ ਕਰ ਦਿੱਤੀ। ਉਸਨੂੰ ਆਪਣੀ ਕਮਾਲ ਦੀ ਸਿਰਜਣਾ ਸ਼ਕਤੀ ਸਦਕਾ ਭਾਰਤ ਦੇ ਰੀਤੀ ਰਿਵਾਜ਼ਾਂ ਨੂੰ ਇਹਨਾਂ ਬੁੱਤਾਂ ਨਾਲ ਰੂਪਮਾਨ ਕੀਤਾ। ਉਸਦੀ ਇਸ ਅਦੁੱਤੀ ਦੇਣ ਨੂੰ ਸਜਦਾ ਕਰਨਾ ਬਣਦਾ ਹੈ। ਬਾਅਦ ਵਿਚ ਸੁਖਨਾ ਝੀਲ ਵਿਚ ਬੱਚਿਆਂ ਨੂੰ ਬੋਟਿੰਗ ਕਰਵਾਈ ਗਈ, ਜਿਸ ਦਾ ਬੱਚਿਆਂ ਨੇ ਖ਼ੂਬ ਆਨੰਦ ਮਾਣਿਆ। ਜੋ ਕਿ ਚੰਡੀਗੜ੍ਹ ਦਾ ਸਭ ਨਾਲੋਂ ਵੱਡਾ ਮਾਲ ਹੈ ਉਹ ਵੀ ਵਿਖਾਇਆ ਗਿਆ।

ਬੱਚਿਆਂ ਨੂੰ ਇਹ ਜਾਣਕਾਰੀ ਮਿਲੀ ਕਿ ਅੱਜ ਬਜ਼ਾਰਾਂ ਵਿਚ ਸਵਰੂਪ ਬਦਲ ਚੁੱਕਾ ਹੈ। ਦੁਨੀਆਂ ਦੀ ਹਰੇਕ ਵਸਤੂ ਇਹਨਾਂ ਮਾਲਾਂ ਰਾਹੀਂ ਇੱਕ ਹੀ ਛੱਤ ਹੇਠ ਉਪਲਬਧ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਹਵਾਈ ਅੱਡੇ ਵਾਲੀ ਸੜਕ ਤੋਂ ਲੰਘਾ ਕੇ ਹਵਾਈ ਅੱਡਾ ਤੇ ਉਡਾਨ ਭਰ ਰਹੇ ਜਹਾਜ ਵੀ ਦਿਖਾਏ ਗਏ। ਸ਼ਾਮ 5 ਵਜੇ ਕਰਨਲ ਪਰਮਜੀਤ ਸਿੰਘ ਨੇ ਬੱਚਿਆਂ ਨੂੰ ਟੂਰ ਵਿਚ ਸ਼ਾਮਿਲ ਹੋਣ ਦਾ ਧੰਨਵਾਦ ਕੀਤਾ ਅਤੇ ਯਕੀਨ ਦਿਵਾਇਆ ਕਿ ਉਹ ਬੱਚਿਆਂ ਨੂੰ ਉਚੇਰਾ ਚੁੱਕਣ ਲਈ ਹਮੇਸ਼ਾ ਯਤਨਸ਼ੀਲ ਰਹਿਣਗੇ।

ਰਾਤ 10 ਵਜੇ ਪੂਰੀ ਸਫਲਤਾ ਨਾਲ ਇਹ ਟੂਰ ਮੁਕਾ ਕੇ ਬੱਚੇ ਆਪਣੇ ਘਰਾਂ ਵਿਚ ਕੁਸ਼ਲਤਾ ਪੂਰਵਕ ਪਹੁੰਚ ਗਏ। ਅਨੁਸਾਸ਼ਨ ਕਾਇਮ ਰੱਖਣ ਅਤੇ ਬੱਚਿਆਂ ਨੂੰ ਯੋਗ ਅਗਵਾਹੀ ਦੇਣ ਲਈ ਕਰਨਲ ਪਰਮਜੀਤ ਸਿੰਘ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ। ਕੁੱਲ ਮਿਲਾ ਕੇ ਇਹ ਵਿਦਿਅਕ ਟੂਰ ਬਹੁਤ ਸਫ਼ਲ ਰਿਹਾ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# ਸ੍ਰੀ ਗੁਰੂ ਨਾਨਕ ਸਾਹਿਬ ਜੀ - ਪਿਛੋਕੜ ਤੇ ਪਹੁੰਚ

ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਤੱਥ ਕਿੰਤੂ-ਮੁਕਤ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਸਮੇਂ ਦੇਸ਼ ਦੀ ਹਾਲਤ ਸਮੁੱਚੇ ਤੌਰ 'ਤੇ ਰਸਾਤਲ ਦੀ ਹੱਦ ਤੱਕ ਡਿੱਗ ਚੁੱਕੀ ਸੀ। ਦੋ ਹੀ ਜਾਤੀਆਂ (ਮੁਸਲਮਾਨ ਤੇ ਹਿੰਦੂ) ਮੁੱਖ ਸਨ ਅਤੇ ਦੋਹਾਂ ਧਿਰਾਂ ਨੇ ਹੀ ਆਪਣੀ ਸਭਿਆਚਾਰਕ ਵਿਰਾਸਤ ਨੂੰ ਅੱਖੋਂ ਓਹਲੇ ਕਰ ਰਖਿਆ ਸੀ, ਜਿਸ ਦੇ ਸਿੱਟੇ ਵਜੋਂ ਭਾਰਤ ਦੀ ਸਮੁੱਚੀ ਗਿਰਾਵਟ ਦਾ ਜ਼ਿੰਮੇਵਾਰ ਕਿਸੇ ਇਕ ਨੂੰ ਨਹੀਂ ਠਹਿਰਾਇਆ ਜਾ ਸਕਦਾ, ਸਗੋਂ ਸ਼ੁਭ ਅਮਲਾਂ ਦੀ ਅਣਹੋਂਦ ਹਨੇਰੇ ਵਿੱਚ ਉਲਝੀ ਉਸ ਵੇਲੇ ਦੀ ਸਮੁੱਚੀ ਲੋਕਾਈ ਹੀ ਗਿਰਾਵਟ ਦਾ ਕਾਰਨ ਭਾਸਦੀ ਹੈ। ਇਹੀ ਕਾਰਨ ਹੈ ਕਿ ਐਡੇ ਵੱਡੇ ਕਾਰਜ ਲਈ ਗੁਰੂ ਸਾਹਿਬ ਦੀ ਚੜ੍ਹਤ ਨੂੰ ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਵਿੱਚ ਹੇਠ ਲਿਖੇ ਸ਼ਬਦਾਂ ਨਾਲ ਨਿਵਾਜਦੇ ਹਨ:

**ਚੜ੍ਹਿਆ ਸੋਧਣਿ ਧਰਤਿ ਲੁਕਾਈ।**

ਇਸ ਚੜ੍ਹਤ ਦੀ ਲੋੜ ਵੱਲ ਇਸ਼ਾਰਾ ਕਰਦੇ ਹੋਏ ਭਾਈ ਗੁਰਦਾਸ ਜੀ ਦੱਸਦੇ ਹਨ ਕਿ ਚੌਤਰਫ਼ੀ ਇਸ ਭਾਂਤ ਦੇ ਆਤਮਿਕ ਖਲਾਅ (Spiritual Vacuum) ਕਾਰਨ ਹਾਹਾਕਾਰ ਮੱਚੀ ਹੋਈ ਸੀ। ਰਾਜ-ਸੱਤਾ ਦੇ ਮਾਲਕ ਮੁਸਲਮਾਨ ਤੇ ਉਨ੍ਹਾਂ ਦੀ ਪਰਜਾ ਹਿੰਦੂ ਦੋਵੇਂ ਧਿਰਾਂ ਹਨੇਰਾ ਹੋਣ ਕਰਕੇ ਹੱਥੀਂ ਬਾਲੀ ਅੱਗ ਦੇ ਸੇਕ ਵਿੱਚ ਮੱਚ ਰਹੇ ਸਨ :

**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।**

**ਬਾਝੁ ਗੁਰੂ ਗੁਬਾਰੁ ਹੈ ਹੈ ਹੈ ਕਰਦੀ ਸੁਣੀ ਲੁਕਾਈ।(ਵਾਰ 1/24)**

ਭਾਈ ਗੁਰਦਾਸ ਜੀ ਦੀ ਇਸ ਧਾਰਨਾ ਦੀ ਪ੍ਰੋੜ੍ਹਤਾ ਗੁਰੂ ਸਾਹਿਬ ਦੇ ਜੀਵਨ ਕਾਲ ਤੋਂ ਭਲੀ-ਭਾਂਤ ਹੋ ਜਾਂਦੀ ਹੈ, ਕਿਉਂਕਿ ਉਨ੍ਹਾਂ ਨੇ ਸਰੀਰਕ ਰੂਪ ਵਿੱਚ ਵਿਚਰਦਿਆਂ ਹੋਇਆਂ ਨਿਧੜਕ ਹੋ ਕੇ ਕੂੜ ਤੋਂ ਪਰਦਾ ਚੁੱਕਿਆ ਅਤੇ ਨਾਲ ਦੀ ਨਾਲ ਸਮਝਾਇਆ ਕਿ ਸਹੀ ਮਾਰਗ ਤੋਂ ਖੁੰਝ ਕੇ ਮਨਮਰਜ਼ੀ ਦੀਆਂ ਪਗਡੰਡੀਆਂ 'ਤੇ ਤੁਰਨਾ ਕੁਰਾਹੇ ਪੈਣਾ ਹੈ, ਅਗਿਆਨੀ ਹੋਣ ਦਾ ਸਬੂਤ ਦੇਣਾ ਹੈ। ਇਸ ਦੇ ਨਤੀਜੇ ਵਜੋਂ ਦੁੱਖਾਂ ਦੇ ਪਹਾੜਾਂ ਦਾ ਟੁੱਟ ਪੈਣਾ ਕੁਦਰਤੀ ਹੈ। ਇਸ ਤੱਥ ਦੇ ਹੋਰ ਸਪੱਸ਼ਟੀਕਰਨ ਹਿੱਤ ਇਸ ਦਾ ਸਰਵੇਖਣ, ਭਾਰਤੀ ਸਭਿਆਚਾਰਕ ਵਿਰਸੇ ਦੀ ਲੋਅ ਵਿੱਚ ਕਰਨਾ ਯਥਾ-ਯੁਕਤ ਹੋਵੇਗਾ।

ਅਜਿਹੀ ਕੋਈ ਗੱਲ ਨਹੀਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਭਾਰਤ ਦੀ ਧਰਤੀ ਨੂੰ ਕਿਸੇ ਹੋਰ ਮਹਾਂਪੁਰਸ਼ ਦੀ ਛੋਹ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਹੋਇਆ, ਸਗੋਂ ਇਸ ਤੋਂ ਐਨ ਉਲਟ ਭਾਰਤ ਦੀ ਧਰਤੀ ਨੂੰ ਇਸ ਪੱਖੋਂ ਪੂਰਨ ਭਾਗਸ਼ੀਲ ਆਖਣਾ ਚਾਹੀਦਾ ਹੈ। ਸਮੇਂ-ਸਮੇਂ ਆਏ ਮਹਾਂਪੁਰਸ਼ਾਂ ਨੇ ਧਰਮ ਦੀ ਵ੍ਰਿਧੀ ਹਿੱਤ ਜੀਵਨ ਅਰਪਿਤ ਕਰੀ ਰੱਖਿਆ ਅਤੇ ਇਸ ਤਰ੍ਹਾਂ ਪਏ ਪੂਰਨਿਆਂ ਸਦਕਾ ਮਨੁੱਖ ਮਾਤਰ ਨੂੰ ਕਲਿਆਣ-ਮਈ ਮਾਰਗ 'ਤੇ ਤੁਰਨ ਦਾ ਅਵਸਰ ਵੀ ਮਿਲਦਾ ਰਿਹਾ। ਪੂਰਵ-ਨਾਨਕ ਕਾਲ ਵਿੱਚ ਹੋਏ ਇਸ ਭਾਂਤ ਦੇ ਸਾਰੇ ਤਰੱਦਦ ਗੁਰੂ ਸਾਹਿਬ ਦਾ ਵਿਰਸਾ ਹਨ। ਗੁਰੂ ਸਾਹਿਬ ਵੱਲੋਂ ਪ੍ਰਚਾਰੀ ਗਈ ਜੀਵਨ-ਜਾਂਚ ਭਾਰਤੀ ਜੀਵਨ-ਜਾਚ ਹੈ। ਗੁਰੂ ਸਾਹਿਬ ਵੱਲੋਂ ਚਲਾਏ ਸਿੱਖ ਧਰਮ ਦਾ ਮੰਤਵ ਭਾਰਤੀ ਧਰਮ ਭਾਵਨਾ ਖਾਸ ਤੌਰ 'ਤੇ ਪੱਛਮੀ ਧਰਮ ਭਾਵਨਾ ਆਮ ਤੌਰ 'ਤੇ ਨਾਲ ਕਿਸੇ ਤਰ੍ਹਾਂ ਵਿਰੋਧ ਪੇਸ਼ ਕਰਨਾ ਨਹੀਂ ਅਤੇ ਨਾ ਹੀ ਇਨ੍ਹਾਂ ਵਿੱਚੋਂ ਕਿਸੇ ਨੂੰ ਢਾਹ ਕੇ ਉਸ 'ਤੇ ਨਵਾਂ ਕੁਝ ਉਸਾਰਨ ਦਾ ਤਹੱਈਆ ਹੈ। ਸਗੋਂ ਗੁਰੂ ਸਾਹਿਬ ਦਾ ਮੰਤਵ ਤਾਂ ਧਰਮ ਦੀ ਅਸਲੀ ਭਾਵਨਾ ਨੂੰ ਪ੍ਰਫੁੱਲਤ ਕਰਨਾ ਸੀ। ' ਇਸ ਦ੍ਰਿਸ਼ਟੀ ਤੋਂ ਭਾਰਤੀ ਮਹਾਂਪੁਰਸ਼ਾਂ ਵੱਲੋਂ ਪ੍ਰਚਾਰੇ ਗਏ ਅਸੂਲਾਂ ਵਿੱਚ ਕੋਈ ਘਾਟ ਨਹੀਂ ਪ੍ਰਤੀਤ ਹੁੰਦੀ ਕਿਉਂਕਿ ਉਨ੍ਹਾਂ ਅਸੂਲਾਂ ਦਾ ਆਧਾਰ ਗਿਆਨ, ਕਰਮ, ਪ੍ਰੇਮ (Light, action and love) ਵਰਗੀਆਂ ਵਿਸ਼ਵਾਰਥੀ ਸਚਾਈਆਂ ਹਨ। ਇਹ ਸਾਰਾ ਕੁਝ ਮਹਾਂਪੁਰਖਾਂ ਦੇ ਆਪਣੇ ਜੀਵਨ ਕਾਲ ਸਮੇਂ ਤਾਂ ਭਲੀ ਭਾਂਤੀ ਨਿਭਦਾ ਰਿਹਾ ਅਤੇ ਇਨ੍ਹਾਂ ਵਿਚਲਦੀ ਭਾਵਨਾ ਭਲੀ-ਭਾਂਤ ਪੱਲਦੀ ਵੀ ਰਹੀ, ਪ੍ਰੰਤੂ ਉਨ੍ਹਾਂ ਦੇ ਸਰੀਰਕ ਤੌਰ 'ਤੇ ਅਲੋਪ ਹੋ ਜਾਣ ਪਿੱਛੋਂ, ਤੋਰ ਨਿਰੰਤਰ ਨਾ ਰਹੀ। ਨਤੀਜੇ ਵਜੋਂ ਲੋਕਾਈ ਸ਼ੁਭ ਅਮਲਾਂ ਦੀ ਥਾਂ ਕੂੜ-ਕੁਸਤ ਦੇ ਗੜ੍ਹ ਵੱਲ ਧਕੀਂਦੀ ਗਈ। ਕਥਨ ਦਾ ਭਾਵ ਇਹ ਕਿ ਗੁਰੂ ਸਾਹਿਬ ਤੋਂ ਪਹਿਲਾਂ ਤਬਦੀਲੀਆਂ ਇਕ ਤੋਂ ਵੱਧ ਵਾਰ ਹੋਈਆਂ ਪ੍ਰੰਤੂ ਉਨ੍ਹਾਂ ਦਾ ਆਧਾਰ ਮਨੁੱਖੀ ਸੁਭਾਅ (Human psychology) ਨਾ ਹੋਣ ਕਰਕੇ ਜਾਂ ਫਿਰ ਸਮਏਂ ਦੀ ਥੁੜ੍ਹ ਕਰਕੇ ਕੋਈ ਪੱਕਾ ਬਾਨ੍ਹਣੂ ਨਾ ਬੱਝ ਸਕਿਆ। ਮਨੁੱਖ ਪ੍ਰਕਿਰਤੀ ਨਾ ਹੀ ਇਕ ਦਿਨ ਵਿੱਚ ਬਣਦੀ ਹੈ ਅਤੇ ਨਾ ਹੀ ਇਕ ਦਿਨ ਭਾਵ ਨਿਸ਼ਚਿਤ ਪਰ ਲੋੜ ਤੋਂ ਥੜ੍ਹੇ ਸਮੇਂ ਵਿੱਚ ਬਦਲ ਸਕਦੀ ਹੈ। ਗੁਰੂ ਸਾਹਿਬ ਤੱਕ ਨਿਰੰਤਰ ਸੰਘਰਸ਼ ਦੀ ਥਾਂ ਵਿਅਕਤੀਗਤ ਸੱਤਿਆ ਦੀ ਵਰਤੋਂ 'ਤੇ ਵਧੇਰੇ ਬਲ ਦਿੱਤਾ ਜਾਂਦਾ ਰਿਹਾ ਹੈ। ਇਸ ਭਾਵਨਾ ਨੇ ਕਾਰਮਾਤਾਂ ਨੂੰ ਜਨਮ ਦਿੱਤਾ। ਭਾਈ ਗੁਰਦਾਸ ਜੀ ਇਸ ਦਾ ਸਮਰਥਨ ਕਰਦੇ ਹੋਏ ਆਖਦੇ ਹਨ:

**ਤੰਤ੍ਰ ਮੰਤ੍ਰ ਪਾਖੰਡ ਕਰਿ ਕਲਹਿ ਕ੍ਰੋਧੁ ਬਹੁ ਵਾਦਿ ਵਧਾਵੈ॥**

**ਆਪੋ ਧਾਪੀ ਹੋਇ ਕੈ ਨਿਆਰੋ ਨਿਆਰੇ ਧਰਮ ਚਲਾਵੈ॥(ਵਾਰ 1/18)**

ਇਹ ਲਗਪਗ ਸਪੱਸ਼ਟ ਹੀ ਹੈ ਕਿ ਪੂਰਵ-ਨਾਨਕ ਕਾਲ ਦੇ ਮਹਾਂਪੁਰਸ਼ਾਂ ਨੇ ਆਪਣੇ ਜੀਵਨ-ਕਾਲ ਸਮੇਂ ਸਬੰਧਿਤ ਮਨੁੱਖ ਮਾਤਰ ਨੂੰ ਆਪਣੇ ਵਿਅਕਤਿਤਵ ਅਤੇ ਦਰਸਾਏ ਗਏ ਅਸੂਲਾਂ ਨੂੰ ਅਸਲ ਵਿੱਚ ਲਿਆਉਣ ਸਬੰਧੀ, ਸਪੱਸ਼ਟ ਨਾ ਕੀਤਾ ਜਠਾਂ ਲੋੜ ਨਾ ਸਮਝੀ ਜਾਂ ਇਸ ਲਈ ਸਮਾਂ ਹੀ ਨਾ ਮਿਲਿਆ। ਭਗਤ ਕਬੀਰ ਜੀ ਵਰਗੇ ਜਿਹੜੇ ਮਹਾਂਪੁਰਸ਼ ਇਸ ਤੱਥ ਬਾਰੇ ਚੇਤੰਨ ਸਨ, ਉਨ੍ਹਾਂ ਦੇ ਯਤਨ ਏਨੇ ਵਿਕੋਲਿਤਰੇ ਸਨ ਕਿ ਉਨ੍ਹਾਂ ਦੀ ਆਵਾਜ਼ ਪੱਕੀ ਜਥੇਬੰਦੀ ਦਾ ਰੂਪ ਨਾ ਧਾਰ ਸਕੀ ਅਤੇ ਕੇਵਲ ਆਵਾਜ਼ ਹੀ ਰਹਿ ਗਈ। ਸਿੱਟੇ ਵਜੋਂ ਮਹਾਂਪੁਰਸ਼ਾਂ ਦੇ ਪੈਰੋਕਾਰਾਂ ਵਿੱਚ ਸਮੇਂ ਨਾਲ ਅਸੱਪਸ਼ਟਤਾ ਵਧਦੀ ਗਈ ਅਤੇ ਸਹੀ ਭਾਵਨਾ ਦੇ ਅਲੋਪ ਹੋਣ ਵਾਸਤੇ ਮਾਹੌਲ ਬਣਦਾ ਗਿਆ। ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਇਹ ਵਾਤਾਵਰਣ ਆਮ ਸੀ ਅਤੇ ਇਸ ਬਾਰੇ ਭਾਈ ਗੁਰਦਾਸ ਜੀ ਪਹਿਲੀ ਵਾਰ ਵਿੱਚ ਲਿਖਦੇ ਹਨ :

**ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ॥**

**ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ॥**

**ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।**

**ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ॥**

**ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।**

**(ਵਾਰ 1/19)**

ਇਸ ਕਿਸਮ ਦੇ ਝੁਕਾਅ ਨੇ ਲੋਕਾਂ ਨੂੰ ਬੁੱਤ-ਪੂਜਾ ਬਣਾ ਦਿੱਤਾ ਅਤੇ ਲੋਕਾਂ ਵਿੱਚ ਆਤਮਾ ਦੀ ਥਾਂ ਸਰੀਰ ਦੀ ਪ੍ਰਧਾਨਤਾ ਮੰਨੀ ਜਾਣ ਲੱਗ ਪਈ। 'ਗੀਤਾ' ਦੇ ਕੇਂਦਰੀ ਭਾਵ ਦਾ ਵਰਨਣ ਕਰਦਿਆਂ ਸੁਸਿੱਖਿਅਤ ਲੇਖਕ ਸ੍ਰੀ ਕੇ.ਐਮ. ਮੁਨਸ਼ੀ, ਸ੍ਰੀ ਕ੍ਰਿਸ਼ਨ ਜੀ ਨੂੰ ਫਾਨੀ ਸਰੀਰ ਦਾ ਮਾਲਕ ਦੱਸਦੇ ਹਨ ਅਤੇ ਨਾਲ ਹੀ ਸ੍ਰੀ ਕ੍ਰਿਸਨ ਜੀ ਦੇ ਪ੍ਰਚਾਰੇ ਗਏ ਧਰਮ ਨੂੰ ਸਮੁੱਚੀ ਮਨੁੱਖ ਜਾਤੀ ਨਾਲ ਦੱਸਦੇ ਹੋਏ ਕਹਿੰਦੇ ਹਨ ਕਿ ਧਰਮ ਦਾ ਕੰਮ ਮਨੁੱਖ ਨੂੰ ਆਪਣੇ ਆਪ ਵਿੱਚ ਸੰਪੂਰਨ ਕਰਨਾ ਹੈ। ਪ੍ਰੰਤੂ ਸ੍ਰੀ ਕ੍ਰਿਸ਼ਨ ਜੀ ਨੇ ਸਮੇਂ ਤੋਂ ਪਿੱਛੋਂ ਉਨ੍ਹਾਂ ਵੱਲੋਂ

ਪ੍ਰਚਾਰੇ ਗਏ ਧਰਮ ਦਾ ਹਾਲ ਬਿਆਨ ਕਰਦਿਆਂ ਸ. ਖਜ਼ਾਨ ਸਿੰਘ ਜੀ ਲਿਖਦੇ ਹਨ ਕਿ ਉਨ੍ਹਾਂ ਵੱਲੋਂ ਪ੍ਰਚਾਰੀ ਗਈ ਭਾਵਨਾ ਅਸਲੋਂ ਅਲੋਪ ਹੋ ਚੁੱਕੀ ਸੀ। ਸਮਾਜ ਨੂੰ ਸਹੀ ਮਾਰਗ ਦਾ ਪੰਧਾਊ ਬਣਾ ਸਕਣੈ ਦੀ ਸਮਰੱਥਾ ਰੱਖਣ ਵਾਲੇ ਗੁਣ ਅਲੋਪ ਹੋ ਚੁੱਕੇ ਸਨ ਅਤੇ ਉਨ੍ਹਾਂ ਦੀ ਥਾਂ ਕਰਮ-ਕਾਂਡ ਪ੍ਰਧਾਨ ਹੋ ਰਿਹਾ ਸੀ। ਸਮੇਂ ਦੇ ਰਾਜਸੀ ਹਾਲਤ ਨੇ ਧਾਰਮਿਕ ਪੱਤਣ ਨੂੰ ਹੋਰ ਵੀ ਡੂੰਘਿਆਂ ਕੀਤਾ। ਰਾਜਸੀ ਸੱਤਾ ਦੇ ਮਾਲਕ ਮੁਸਲਮਾਨ ਦੇ ਦਿਮਾਗ ਵਿੱਚ ਜੇਤੂ ਹੋਣ ਕਰਕੇ 'ਉੱਤਮਤਾ' (Superiority) ਦਾ ਅਹਿਸਾਸ ਜਵਾਨੀ 'ਤੇ ਸੀ ਅਤੇ ਦੂਜੇ ਪਾਸੇ ਇਥੋਂ ਦੀ ਧਾਰਮਿਕ ਹਾਲਤ ਨਾਲ ਸਮਝੌਤਾ ਕਰਨ ਜਾਂ ਪੱਲਾ ਮੇਚ ਕੇ ਤੁਰਨ ਦੀ ਥਾਂ ਇਸਲਾਮ ਨੂੰ ਵਧੀਆ ਸਮਝ ਕੇ ਠੋਸਣਾ ਸ਼ੁਰੂ ਕਰ ਰੱਖਿਆ ਸੀ। ਇਸ ਤਰ੍ਹਾਂ ਦੋਵੇਂ ਹੀ ਧਰਮ ਆਪਣੀ ਅਸਲੀ ਭਾਵਨਾ ਤੋਂ ਦਿਨੋ-ਦਿਨ ਦੂਰ ਹੁੰਦੇ ਜਾ ਰਹੇ ਸਨ। ਮੁਸਲਮਾਨ ਬੁੱਤ-ਪੂਜਾ ਨਹੀਂ ਸਨ ਪ੍ਰੰਤੂ ਹਜ਼ਰਤ ਮੁਹੰਮਦ ਸਾਹਿਬ ਤੋਂ ਬਿਨਾਂ ਹੋਰ ਕਿਸੇ ਨੂੰ ਪੈਗੰਬਰ ਮੰਨਣ ਤੋਂ ਇਨਕਾਰੀ ਸਨ। ਇਹ ਕੱਟੜਤਾ ਵੀ ਇਥੋਂ ਤੱਕ ਵਧੀ ਹੋਈ ਸੀ ਕਿ ਉਹ ਈਨ, ਤਲਵਾਰ ਜਾਂ ਧਨ ਤੋਂ ਬਿਨਾਂ ਸੁਲਾਹ ਦਾ ਹੋਰ ਕੋਈ ਮਾਰਗ ਮੰਨਦੇ ਹੀ ਨਹੀਂ ਸਨ। ਅਸੂਲਾਂ ਨਾਲੋਂ ਵਿਅਕਤੀ ਵਿਸ਼ੇਸ਼ ਦੇ ਪੂਜਕ ਹੋਣ ਕਰਕੇ ਇਹ ਕਰਾਮਾਤਾਂ ਵਾਲੇ ਪਾਸੇ ਵਧਦੇ ਜਾ ਰਹੇ ਸਨ, ਜਿਸ ਦੇ ਸਿੱਟੇ ਵਜੋਂ ਪਖੰਡ ਦਾ ਪ੍ਰਵੇਸ਼ ਹੋਣ ਕਰਕੇ ਅਸਲੀਅਤ ਕੰਨੀਂ ਖਿਸਕਾ ਰਹੀ ਪ੍ਰਤੀਤ ਹੁੰਦੀ ਸੀ। ਇਸ ਤੱਥ ਦਾ ਇਜ਼ਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮੱਕੇ ਵਿਖੇ ਹਾਜ਼ੀਆਂ ਦੀ ਹਾਜ਼ਰੀ ਵਿੱਚ ਕੀਤਾ। ਭਾਈ ਗੁਰਦਾਸ ਅਨੁਸਾਰ ਉਨ੍ਹਾਂ ਦੇ ਇਹ ਬੋਲ ਸਨ:

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥**

**ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ॥(ਵਾਰ 1/33)**

ਅਜਿਹਾ ਕਿਉਂ ਸੀ? ਇਸ ਦਾ ਉੱਤਰ ਦੇਂਦੇ ਹੋਏ ਭਾਈ ਗੁਰਦਾਸ ਜੀ ਉਪਰੋਕਤ ਪਉੜੀ ਦੇ ਅੰਤ ਵਿੱਚ ਆਖਦੇ ਹਨ :

**ਰਾਹਿ ਸੈਤਾਨੀ ਦੁਨੀਆ ਗੋਈ॥(ਵਾਰ 1/33)**

ਸੋ ਏਨਾ ਸਪੱਸ਼ਟ ਹੋ ਗਿਆ ਕਿ ਬਾਬਾ ਜੀ ਦੇ ਆਗਮਨ ਸਮੇਂ ਹਿੰਦੂ ਤੇ ਮੁਲਮਾਨ ਦੋਵੇਂ ਰਾਜਾ ਤੇ ਰੰਕ ਦੀ ਨਿਆਈਂ ਰਹਿ ਜ਼ਰੂਰ ਰਹੇ ਸਨ ਪ੍ਰੰਤੂ ਦੋਵੇਂ ਧਿਰਾਂ ਆਪਣੇ ਕਰਮ ਜਾਂ ਅਮਲ ਵਿੱਚ ਸੁਤੰਤਰਤਾ ਅਤੇ ਸ਼ੁਭ ਭਾਵਨਾ ਤੋਂ ਖਾਲੀ ਸਨ। ਜੇ ਰਾਜਾ ਤਖਤ ਦੇ ਲਾਇਕ ਨਹੀਂ ਸੀ ਤਾਂ ਪਰਜਾ ਵੀ ਕਸ਼ਟ ਸਮੇਂ ਹੀ ਪਰਮਾਤਮਾ ਨੂੰ ਯਾਦ ਕਰਦੀ ਸੀ। ਕਾਬਜ਼ ਸ਼੍ਰੇਣੀ ਵੱਲੋਂ ਇਕ-ਪਾਸੜ ਰਵੱਈਏ ਦਾ ਸਬੂਤ ਦਿੱਤਾ ਜਾ ਰਿਹਾ ਸੀ ਅਤੇ ਹਿੰਦੂਆਂ ਨੂੰ ਚੋਰ ਵਾਂਗ ਨਫ਼ਰਤ ਕੀਤੀ ਜਾ ਰਹੀ ਸੀ, ਅਣਖ ਨੂੰ ਇਸ ਹੱਦ ਤੱਕ ਖੁੰਢਾ ਕਰ ਦਿੱਤਾ ਗਿਆ ਸੀ ਕਿ ਜੇ ਕੋਈ ਅਣਖ ਦੀ ਵਰਤੋਂ ਕਰਦਾ ਵੀ ਸੀ ਤਾਂ ਲਹੂ-ਲੁਹਾਨ ਹੋ ਕੇ ਚੁੱਪ ਕਰਨਾ ਪੈਂਦਾ ਸੀ ਅਤੇ ਜੇ ਵਰਤੋਂ ਨਹੀਂ ਸੀ ਕੀਤੀ ਜਾਂਦੀ ਤਾਂ ਨਿੱਤ ਹੀ ਆਪਣੇ ਖੂਨ ਦੇ ਘੁੱਟ ਪੀ ਕੇ ਜੀਉਣਾ ਪੈਂਦਾ ਸੀ। ਹਾਕਮ ਸ਼੍ਰੇਣੀ ਦਾ ਇਹ ਰਵੱਈਆ ਨਫਰਤ ਯੋਗ ਸੀ ਪ੍ਰੰਤੂ ਕੋਈ ਵੀ ਉਭਾਸਰਨ ਦਾ ਹੀਆ ਨਹੀਂ ਸੀ ਕਰ ਰਿਹਾ। ਗੁਰੂ ਸਾਹਿਬ ਜੀ ਨੇ ਇਸ ਸਥਿਤੀ ਦਾ ਸਰਵੇਖਣ ਕੀਤਾ ਅਤੇ ਨਾਲ ਹੀ ਕਰਜੜੀ ਆਲੋਚਨਾ ਕੀਤੀ:

**ਰਾਜੇ ਸੀਹ ਮੁਕਦਮ ਕੁਤੇ॥**

**ਜਾਇ ਜਗਾਇਨਿ੍ ਬੈਠੇ ਸੁਤੇ॥1(ਪੰਨਾ 1288)**

ਭਾਈ ਗੁਰਦਾਸ ਜੀ ਇਸ ਦਾ ਵਰਣਨ ਕਰਦੇ ਹੋਏ ਆਖਦੇ ਹਨ:

**ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ॥**

**ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥(ਵਾਰ 1/30)**

ਸਪੱਸ਼ਟ ਹੈ ਕਿ ਇਸਲਮਾ ਦੇ ਨਾਂ 'ਤੇ ਰਾਜ ਕਰਨ ਵਾਲੇ ਧਰਮ ਤੋਂ ਕੋਹਾਂ ਦੂਰ ਸਨ ਅਤੇ ਕਰਤੱਵ ਦੀ ਕੁਤਾਹੀ ਵਿੱਚ ਸਭ ਤੋਂ ਅੱਗੇ। ਦੁੱਖ ਵਿੱਚ ਪਰਮਾਤਮਾ ਦੀ ਯਾਦ ਵਧੇਰੇ ਆਉਂਦੀ ਹੈ, ਸੋ ਪਰਜਾ ਦਾ ਅਜਿਹੇ ਸਮੇਂ ਧਾਰਮਿਕ ਆਗੂਆਂ ਦੇ ਮੂੰਹ ਵੱਲ ਵੇਖਣਾ ਬਿਲਕੁਲ ਕੁਰਦਤੀ ਹੋ ਜਾਂਦਾ ਹੈ। ਪ੍ਰੰਤੂ ਧਾਰਮਿਕ ਆਗੂ ਚਾਹੇ ਉਹ ਹਿੰਦੂ ਸਨ ਤੇ ਚਾਹੇ ਮੁਸਲਮਾਨ, ਉਨ੍ਹਾਂ ਦੀ ਧਰਮ ਪ੍ਰਤੀ ਪਹੁੰਚ ਬਿਲਕੁਲ ਗਲਤ ਸੀ। ਭਾਈ ਗੁਰਦਾਸ ਜੀ ਕਾਜ਼ੀਆਂ ਦਾ ਵਰਣਨ ਕਰਦੇ ਹੋਏ ਆਖਦੇ ਹਨ ਕਿ ਧਾਰਮਿਕ ਆਗੂ ਧਰਮ ਨੂੰ ਲਾਲਚ ਦੀ ਲੋਅ ਵਿੱਚ ਪੇਸ਼ ਕਰ ਰਹੇ ਪ੍ਰਤੀਤ ਹੁੰਦੇ ਹਨ :

**ਚੇਲੇ ਬੈਠਨਿ ਘਰਾਂ ਵਿੱਚ ਗੁਰਿ ਉਠਿ ਘਰੀਂ ਤਿਨਾੜੇ ਜਾਈ॥**

**ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕੁ ਗਵਾਈ॥(ਵਾਰ 1/30)**

ਬ੍ਰਾਹਮਣਾਂ ਦਾ ਵਰਣਨ ਕਰ ਹੀ ਚੁੱਕੇ ਹਾਂ ਕਿ ਉਹ ਰਾਜ ਸੱਤਾ ਦੇ ਮੂੰਹ ਵੱਲ ਵੇਖ ਕੇ ਤੁਰਦੇ ਸਨ। ਨੇਕੀ ਤਾਂ ਆਪਣੀ ਤੋਰੇ ਤੁਰਦੀ ਹੈ, ਉਹ ਸਮਝੌਤਾ ਨਹੀਂ ਕਰਦੀ ਅਤੇ ਨਾ ਹੀ ਅਨੁਕੂਲ ਵਾਤਾਵਰਣ ਦੀ ਉਡੀਕ ਕਰਦੀ ਹੈ ਸਗੋਂ ਉਸ ਦਾ ਕੰਮ ਤਾਂ ਸੰਘਰਸ਼ ਵਿੱਚ ਕੁੱਦਣਾ ਹੈ। ਕਿਉਂਕਿ ਸੰਘਰਸ਼ ਹੀ ਅਜਿਹੀ ਕੁਠਾਲੀ ਹੈ ਜਿਸ ਵਿੱਚੋਂ ਨੇਕੀ ਹਮੇਸ਼ਾ ਨਿੱਖਰ ਕੇ ਬਾਹਰ ਆਉਂਦੀ ਹੈ। ਧਰਮ ਨੇ ਕਰਤੱਵ ਪਾਲਣਾ ਨੂੰ ਛੱਡ ਦਿੱਤਾ ਤਾਂ ਹਾਨੀ ਹੋਣੀ ਹੀ ਸੀ:

**ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਈ॥ (ਵਾਰ 1/30)**

ਇਹ ਅਗਿਆਨੀ ਹੋਣ ਦਾ ਹੀ ਸਿੱਟਾ ਸੀ ਕਿ ਸਮੁੱਚੇ ਸਮਾਜਿਕ ਰਿਸ਼ਤਿਆਂ ਦੀ ਚੂਲ ਪ੍ਰੇਮ-ਪਿਆਰ, ਸ਼ੁਭ ਕਰਮ ਜਾਂ ਗਿਆਨ ਦੀ ਥਾਂ ਕੇਵਲ ਲਾਲਚ ਬਣ ਗਿਆ। ਲਾਲਚ ਵਾਲੀ ਥਾਂ ਪਿਆਰ ਨਹੀਂ ਖਲੋਂਦਾ, ਇਹ ਬਾਬਾ ਫ਼ਰੀਦ ਜੀ ਦੀ ਧਾਰਨਾ ਹੈ :

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥(ਪੰਨਾ 1379)**

ਸਮਾਜਿਕ ਰਿਸ਼ਤਿਆਂ ਦੀ ਪੱਧਰ ਭਾਈ ਗੁਰਦਾਸ ਜੀ ਅਨੁਸਾਰ ਇਹ ਸੀ:

**ਇਸਤਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।**

**(ਵਾਰ 1/30)**

ਸਭਿਆਚਾਰਕ ਵਿਰਾਸਤ ਦੀ ਪਛਾਣ ਧੁੰਦਲੀ ਹੁੰਦੀ-ਹੁੰਦੀ ਖਤਮ ਹੀ ਹੋ ਚੁੱਕੀ ਸੀ। ਆਪਣੀ ਬੋਲੀ, ਆਪਣੇ ਪਹਿਰਾਵੇ ਅਤੇ ਆਪਣੀਆਂ ਰਸਮਾਂ ਦੀ ਥਾਂ ਹਾਕਮਾਂ ਦੀ ਬੋਲੀ, ਪਹਿਰਾਵਾ ਅਤੇ ਰਸਮਾਂ ਲੋਕਾਂ ਵਿੱਚ ਘਰ ਕਰ ਰਹੀਆਂ ਸਨ। ਇਸ ਤੱਥ ਦਾ ਵਰਨਣ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਬਹੁਤ ਥਾਈਂ ਕੀਤਾ ਹੈ। ਸਿੱਟਾ ਇਹੀ ਨਿਕਲਦਾ ਹੈ ਕਿ ਸਮੁੱਚੇ ਤੌਰ 'ਤੇ ਅਗਿਆਨ ਦਾ ਬੋਲ-ਬਾਲਾ ਸੀ ਅਤੇ ਇਸ ਅੰਧੇਰ ਵਿੱਚੋਂ ਕੱਢਣ ਵਾਸਤੇ ਚਾਨਣ ਦੀ ਛਿੱਟ ਪ੍ਰਦਾਨ ਕਰ ਸਕਣ ਵਾਲਾ ਕੋਈ ਨਜ਼ਰ ਨਹੀਂ ਸੀ ਆ ਰਿਹਾ। ਗੁਰੂ ਸਾਹਿਬ ਦਾ ਜਨਮ ਇਕ ਵਾਹਿਦਾ ਸੀ, ਲੋਕਾਂ ਦੀ ਪੁਕਾਰ ਦਾ ਉੱਤਰ ਸੀ ਜਾਂ ਦਾਤੇ ਦੀ ਮਿਹਰ ਸੀ। ਭਾਈ ਗੁਰਦਾਸ ਜੀ ਇਸ ਬਾਰੇ ਆਖਦੇ ਹਨ:

**ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਾਗ ਮਾਹਿ ਪਠਾਇਆ॥**

**(ਵਾਰ 1/23)**

ਜਿਵੇਂ ਕਿ ਪਿੱਛੇ ਭੀ ਇਸ਼ਾਰਾ ਕੀਤਾ ਚੁੱਕਾ ਹੈ ਕਿ ਗੁਰੂ ਸਾਹਿਬ ਇਸ ਧਰਤੀ 'ਤੇ ਆਉਣ ਵਾਲੇ ਨਾ ਹੀ ਪਹਿਲੇ ਪੁਰਸ਼ ਸਨ ਤੇ ਨਾ ਧਾਰਮਿਕ ਗਿਲਾਨੀ ਦੇ ਖਾਤਮੇ ਵਾਸਤੇ ਜੂਝ ਰਹੇ ਪਹਿਲੇ ਵਿਅਕਤੀ ਵਿਸ਼ੇਸ਼ ਸਨ, ਸਗੋਂ ਉਨ੍ਹਾਂ ਸਾਹਮਣੇ ਤਾਂ ਧਾਰਮਿਕ ਗਿਆਨੀ ਦਾ ਸਾਰਾ ਇਤਿਹਾਸ ਮੌਜੂਦ ਸੀ ਅਤੇ ਨਾਲ ਉਹ ਸਾਰੇ ਢੰਗ ਮੌਜੂਦ ਸਨ ਜਿਹੜੇ ਸਮੇਂ-ਸਮੇਂ ਅਪਨਾਏ ਜਾ ਚੁੱਕੇ ਸਨ। ਲੋਕਾਈ ਨੂੰ ਸੋਧਣ ਦਾ ਬੀੜਾ ਚੁੱਕਣ ਲੱਗਿਆਂ ਜ਼ਰੂਰੀ ਸੀ ਕਿ ਗੁਰੂ ਸਾਹਿਬ ਉਨ੍ਹਾਂ ਸਾਰੀਆਂ ਕਮਜ਼ੋਰੀਆਂ ਨੂੰ ਧਿਆਨ ਵਿੱਚ ਰੱਖਦੇ, ਜਿਨ੍ਹਾਂ ਦੀ ਸ਼ਿਕਾਰ ਜਨਤਾ ਜਾਂ ਮਹਾਂਪੁਰਸ਼ ਪਹਿਲਾਂ ਹੋ ਚੁੱਕੇ ਸਨ। ਸਭ ਤੋਂ ਪਹਿਲੀ ਗੱਲ

ਉਨ੍ਹਾਂ ਨੇ ਇਹ ਕੀਤੀ ਕਿ ਸਭੋ ਕੁਝ ਨੂੰ ਮਨੁੱਖੀ ਪੱਧਰ 'ਤੇ ਨਜਿੱਠਣ ਦੀ ਪੱਕੀ ਠਾਣ ਲਈ। ਇਸ ਨਾਲ ਤੁਰੰਤ ਹੀ ਇਹ ਲਾਭ ਹੋਇਆ ਕਿ ਉਨ੍ਹਾਂ ਦੇ ਪੈਰੋਕਾਰਾਂ ਨੂੰ ਕਿਸੇ ਅਜਿਹੀ ਘਟਨਾ ਦਾ ਸਾਹਮਣਾ ਨਾ ਕਰਨਾ ਪਿਆ ਜਿਹੜੀ ਕੇਵਲ ਗੁਰੂ ਹੀ ਕਰ ਸਕਦਾ ਹੋਵੇ ਅਤੇ ਪੈਰੋਕਾਰ ਉਸ ਨੂੰ ਅਪਨਾ ਸਕਣ ਤੋਂ ਅਸਮਰੱਥ ਹੋਣ। ਇਤਿਹਾਸ ਗਵਾਹ ਹੈ ਕਿ ਗੁਰੂ ਸਾਹਿਬ ਨੇ ਇਕ ਵਿਦਿਆਰਥੀ ਵਾਂਗ ਵਿਦਿਆ ਪ੍ਰਾਪਤ ਕੀਤੀ, ਸਮਾਜਿਕ ਜ਼ਿੰਮੇਵਾਰੀ ਦੇ ਤੌਰ 'ਤੇ ਪਤੀ ਤੇ ਬਾਪ ਅਖਵਾਏ, ਮੋਦੀ ਵਜੋਂ ਕਾਰਜਸ਼ੀਲ ਰਹੇ ਅਤੇ ਅੰਤਲੇ ਦਿਨਾਂ ਵਿੱਚ ਖੇਤੀ ਭੀ ਕੀਤੀ। ਭਾਵ ਉਨ੍ਹਾਂ ਨੇ ਸਰੀਰਕ ਰੂਪ ਵਿੱਚ ਲੋੜੀਂਦਾ ਹਰ ਮਾਰਗ ਅਪਨਾਇਆ ਅਤੇ ਇਸ ਤੋਂ ਲੋੜੀਂਦਾ ਤਜ਼ਰਬਾ ਹਾਸਲ ਕੀਤਾ। ਇਸ ਤਰ੍ਹਾਂ ਕਰਾਮਾਤ ਧਰਮ ਦਾ ਅੰਗ ਨਾ ਰਹੀ ਅਤੇ ਸਰੀਰ ਦੀ ਅਟੱਲ ਨਾਸ਼ਮਾਨਤਾ ਵਿੱਚ ਲੋਕਾਂ ਦਾ ਯਕੀਨ ਭੀ ਪੱਕਾ ਹੁੰਦਾ ਗਿਆ। ਇਸ ਤਜ਼ਰਬੇ ਦੇ ਆਧਾਰ 'ਤੇ ਉਨ੍ਹਾਂ ਨੇ ਲੋਕਾਂ ਦੇ ਅਮਲਾਂ ਨੂੰ ਸ਼ੁਭ ਬਣਾਉਣ ਅਤੇ ਧਾਰਮਿਕ ਗਿਰਾਵਟ ਦਾ ਪੱਕਾ ਇਲਾਜ ਕਰਨ ਲਈ ਇਕ ਵਿਸ਼ੇਸ਼ ਪ੍ਰੋਗਰਾਮ ਦਿੱਤਾ। ਇਸ ਪ੍ਰੋਗਰਾਮ ਦਾ ਲੋਕਾਂ ਦੇ ਦਿਲਾਂ ਵਿੱਚ ਵੱਸ ਜਾਣਾ ਜ਼ਰੂਰੀ ਸੀ ਅਤੇ ਇਸ ਲੋੜ ਦੀ ਪੂਰਤੀ ਲਈ ਉਨ੍ਹਾਂ ਨੇ ਲੰਮੇ ਸਮੇਂ ਦੀ ਮੁਹੱਲਤ ਲਈ ਅਤੇ ਦਸ ਜਾਮੇ ਬਦਲ ਕੇ ਉਨ੍ਹਾਂ ਨੂੰ ਆਉਣਾ ਪਿਆ ਤਾਂ ਜਾ ਕੇ ਲੋਕ ਦਰਸਾਏ ਗਏ ਪ੍ਰੋਗਰਾਮ ਨੂੰ ਭਲੀ-ਭਾਂਤ ਸਮਝ ਭੀ ਸਕੇ ਤੇ ਹਜ਼ਮ ਭੀ ਕਰ ਸਕੇ। ਪ੍ਰੋਗਰਾਮ ਵਿੱਚ ਪਹਿਲਾ ਨੁਕਤਾ ਇਹ ਸੀ ਕਿ ਮਨੁੱਖ ਮਾਤਰ ਨੂੰ ਭਰਾਤਰੀਅਤਾ ਦੀ ਲੜੀ ਵਿੱਚ ਪਰੋ ਕੇ 'ਏਕਸਿ ਕੇ ਹਮ ਬਾਰਿਕ' ਦਾ ਅਹਿਸਾਸ ਪੈਦਾ ਕੀਤਾ ਜਾਵੇ। ਇਸ ਬਾਰੇ ਸ. ਖਜ਼ਾਨ ਸਿੰਘ ਜੀ ਲਿਖਦੇ ਹਨ ਕਿ ਗੁਰੂ ਸਾਹਿਬ ਦਾ ਸੰਦੇਸ਼ ਇਹ ਸੀ:

"The Spirit of Guru Nanak's teachings was the observance of the universal brotherhood of man and fatherhood of the Lord God."

(History and Philosophy of the Sikh Religion, Vol. 11.P. 356)

ਉਪਰੋਕਤ ਭਾਵਨਾ ਦਾ ਹਾਣੀ ਨਾਹਰਾ ਉਨ੍ਹਾਂ ਨੇ 'ਵੇਈਂ ਨਦੀ ਪ੍ਰਵੇਸ਼' ਪਿੱਛੋਂ ਲੋਕਾਂ ਨੂੰ ਦਿੱਤਾ ਸੀ ਕਿ 'ਨਾ ਕੋ ਹਿੰਦੂ ਨ ਮੁਸਲਮਾਨ।' ਮੂਲ ਮੰਤਰ ਦਾ ਭਾਵ ਭੀ ਪਰਮਾਤਮਾ ਦੇ ਗੁਣਾਂ ਨੂੰ ਮਨੁੱਖ ਮਾਤਰ ਵਿੱਚ ਪ੍ਰਫੁੱਲਤ ਕਰਨ ਦਾ ਹੈ। ਇਸ ਸਭ ਕਾਸੇ ਨੂੰ ਅਮਲੀ ਰੂਪ ਦੇਣ ਲਈ ਗੁਰੂ ਸਾਹਿਬ ਨੇ ਦੁਨੀਆਂ ਦਾ ਸਫਰ ਕੀਤਾ, ਜਿਸ ਨੂੰ ਅਸੀਂ ਉਦਾਸੀਆਂ ਦੇ ਨਾਂ ਨਾਲ ਯਾਦ ਕਰਦੇ ਹਾਂ। ਇਸ ਤਰ੍ਹਾਂ ਗੁਰੂ ਸਾਹਿਬ ਇਕ ਅਜਿਹਾ ਮਾਰਗ ਮਨੁੱਖ ਮਾਤਰ ਨੂੰ ਸੁਝਾਅ ਰਹੇ ਸਨ ਜਿਸ ਦੇ ਹੁੰਦਿਆਂ ਕਿਸੇ ਤਰ੍ਹਾਂ ਵੀ ਪਗਡੰਡੀਆਂ ਦੀ ਲੋੜ ਨਾ ਰਹੇ। ਜਪੁ ਜੀ ਸਾਹਿਬ ਵਿੱਚ ਗੁਰੂ ਸਾਹਿਬ ਫੁਰਮਾਉਂਦੇ ਹਨ:

**ਮੰਨੈ ਮਗੁ ਨ ਚਲੈ ਪੰਥੁ ॥**(ਪੰਨਾ 3)

ਉਹ ਗਾਡੀ ਰਾਹ ਸੀ, ਸਰਬੱਤ ਦਾ ਭਲਾ ਮੰਗਣ, ਦਾ, ਨਾਮ ਜਪਣ ਦਾ, ਵੰਡ ਛਕਣ ਦਾ, ਭਾਣਾ ਮੰਨਣ ਦਾ ਅਤੇ ਵੇਖ ਕੇ ਅਣਡਿੱਠ ਕਰਨ ਦਾ। ਇਸ ਦੇ ਮੰਨਣ ਵਾਲਿਆਂ ਨੇ ਭਰਾਤਰੀਅਤਾ ਦੀ ਲੜੀ ਵਿੱਚ ਆਪਣੇ ਆਪ ਪਰੋਏ ਜਾਣਾ ਸੀ ਅਤੇ ਫਿਰ ਇਸ ਗੱਲ ਦੀ ਉੱਕਾ ਲੋੜ ਨਹੀਂ ਸੀ ਰਹਿਣੀ ਕਿ ਲੜਨ ਵਾਲਾ ਵਰਗ ਅੱਡਰਾ ਹੋਵੇ, ਪੜ੍ਹਨ-ਪੜ੍ਹਾਉਣ ਵਾਲਾ ਅੱਡਰਾ, ਹੱਥੀਂ ਕੰਮ ਕਰਨ ਵਾਲਾ ਅੱਡਰਾ ਅਤੇ ਸੇਵਾ ਕਰਨ ਵਾਲਾ ਅੱਡਰਾ। ਭਾਰਤ ਇਸ ਗੱਲੋਂ ਮਾਰ ਖਾ ਚੁੱਕਾ ਸੀ ਕਿਉਂਕਿ ਖੱਤਰੀਆਂ ਨੇ ਧਰਮ ਤੋਂ ਕੁਤਾਹੀ ਕੀਤੀ ਤਾਂ ਦੇਸ਼ ਗੁਲਾਮ ਹੋ ਗਿਆ। ਬ੍ਰਾਹਮਣਾਂ ਨੇ ਕੁਤਾਹੀ ਕੀਤੀ ਤਾਂ ਸੱਭਿਆਚਾਰਕ ਵਿਰਾਸਤ ਅਸਲੋਂ ਹਨੇਰੀ ਖੱਡ ਵਿੱਚ ਜਾ ਡਿੱਗੀ। ਵੈਸ਼ਾਂ ਨੇ ਕਰਤੱਵ ਦੀ ਕੁਤਾਹੀ ਕੀਤੀ ਤਾਂ ਦੇਸ਼ ਸੋਨੇ ਦੀ ਚਿੜੀ ਵਾਂਗ ਗੁਟਕਣ ਦੀ ਥਾਂ ਕਾਂ ਵਾਂਗ ਕੁਰਲਾਉਣ ਲੱਗ ਪਿਆ। ਹੁਣ ਤੇ ਅਜਿਹੇ ਸਮਾਜ ਦੀ ਨੀਂਹ ਰੱਖੀ ਜਾ ਰਹੀ ਸੀ ਜਿਸ ਵਿੱਚ ਰਹਿਣ ਵਾਲਾ ਦੁਸ਼ਮਣ ਲਈ ਤਲਵਾਰ ਅਤੇ ਭਲਿਆਂ ਲਈ ਸੰਗੀ ਹੋ ਸਕੇ। ਸੰਤ ਸਿਪਾਹੀਆਂ ਦੀ ਇਸ ਕੌਮ ਦਾ ਬਾਨੀ ਬਾਬਾ ਨਾਨਕ ਸੀ ਅਤੇ ਅਜਿਹੇ ਸ਼ੁਭ ਦੇ ਪੱਕੇ ਅਤੇ ਦਿਲੋਂ ਦਿਮਾਗੋਂ ਇਕਸੁਰ ਵਿਅਕਤੀ ਪੈਦਾ ਕਰਨ ਲਈ ਪਹਿਲੀ ਪਾਤਸ਼ਾਹੀ ਦਸ ਵਾਰ ਜਾਮਾ ਬਦਲਦੀ ਹੈ। ਇਸ ਗੱਲ ਦਾ ਸਬੂਤ ਪੰਚਮ ਪਾਤਸ਼ਾਹ ਦੇ ਦਰਬਾਰ ਵਿੱਚ ਬੋਲ ਰਹੇ ਭੱਟਾਂ ਦੇ ਬੋਲ ਹਨ ਜਿਨ੍ਹਾਂ ਨੇ ਦ੍ਰਿੜ੍ਹਤਾ ਨਾਲ ਇਹ ਆਖਿਆ:

**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**

(**ਪੰਨਾ 966**)

ਭਾਈ ਗੁਰਦਾਸ ਜੀ ਇਸ ਬਾਰੇ ਪਹਿਲੀ ਵਾਰ ਵਿੱਚ ਆਖਦੇ ਹਨ:

**ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।**(**ਵਾਰ 1/46**)

ਇਸ ਵਿੱਚ ਚੱਲ ਰਹੀ ਭਾਵਨਾ ਇਹ ਸੀ:

**ਕਾਇਆ ਪਲਟਿ ਸਰੂਪੁ ਬਣਾਇਆ।**

ਛੇਵੇਂ ਪਾਤਸ਼ਾਹ ਦਾ ਜ਼ਿਕਰ ਕਰਦਿਆਂ ਉਨ੍ਹਾਂ ਅਸਲੋਂ ਸਪੱਸ਼ਟ ਕਰ ਦਿੱਤਾ ਹੈ:

**ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।**

(**ਵਾਰ 1/48**)

ਇਕੋ ਜੋਤਿ ਦੇ ਕਾਇਆ ਪਲਟਣ ਦੀ ਖੇਡ ਰਾਹੀਂ ਇਕ ਤੇ ਇਹ ਪ੍ਰਗਟ ਕਰ ਦਿੱਤਾ ਕਿ ਸਰੀਰ ਨਾਸ਼ਮਾਨ ਹੈ ਅਤੇ ਸਰੀਰਕ ਰੂਪ ਵਿੱਚ ਸੰਪੂਰਨਤਾ ਕਠਿਨ ਹੈ, ਸਗੋਂ ਸੰਪੂਰਨਤਾ ਤਾਂ ਅੰਦਰ ਦੀ ਹੈ। ਇਸ ਸੰਪੂਰਨਤਾ ਨੂੰ ਅੱਗੇ ਗੁਰੂ ਅੰਗਦ ਦੇਵ ਜੀ ਦੇ ਰੂਪ ਵਿੱਚ ਤੋਰ ਦੇਣ ਪਿੱਛੋਂ ਸ੍ਰੀ ਗੁਰੂ ਨਾਨਕ ਦੇਵ ਜੀ ਸਰੀਰਕ ਰੂਪ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਅੱਗੇ ਝੁਕ ਕੇ ਮੱਥਾ ਟੇਕਦੇ ਰਹੇ ਅਤੇ ਇਹ ਮਰਯਾਦਾ ਹਰੇਕ ਵਾਰ ਗੱਦੀ ਦੇਣ ਲੱਗਿਆਂ ਪੂਰੀ ਕੀਤੀ ਜਾਂਦੀ ਰਹੀ। ਦੂਜੇ ਇਹ ਕਿ ਗੁਣ 'ਤੇ ਕਿਸੇ ਦਾ ਜੱਦੀ ਅਧਿਕਾਰ ਨਹੀਂ ਸਗੋਂ ਇਹ ਤਾਂ ਉਸੇ ਦਾ ਹੁੰਦਾ ਹੈ ਜਿਸ ਦੇ ਅੰਦਰ ਪੈਦਾ ਹੋ ਗਿਆ। ਇਸ ਦਾ ਸਬੂਤ ਵਜੋਂ ਪੁੱਤਰਾਂ ਦੀ ਥਾਂ ਸੇਵਕ ਨੂੰ ਗੱਦੀ ਦਾ ਬਖਸ਼ਿਆ ਜਾਣਾ ਹੈ। ਇਸ ਤਰ੍ਹਾਂ ਗੁਰੂ ਸਹਿਬ ਦੇ ਪ੍ਰਚਾਰ ਵਿੱਚ ਅਮਲ ਨੂੰ ਖਾਸ ਥਾਂ ਪ੍ਰਾਪਤ ਸੀ। ਅਸੂਲ ਉਹੀ ਦਿਲਾਂ ਵਿੱਚ ਘਰ ਕਰਦੇ ਹਨ ਜਿਨ੍ਹਾਂ ਨੂੰ ਅਮਲੀ ਰੂਪ ਵਿੱਚ ਹੰਢਾਇਆ ਜਾਵੇ ਵਰਨਾ ਅਸਲ ਪ੍ਰੇਰਨਾ ਦੀ ਥਾਂ, ਦਿਮਾਗੀ ਘੁਣਤਰ ਬਣ ਕੇ ਰਹਿ ਜਾਂਦੇ ਹਨ। ਜਿਸ ਦਾ ਨਤੀਜਾ ਹੌਲੀ-ਹੌਲੀ ਸ਼ੁਭ ਅਮਲਾਂ ਦੀ ਅਣਹੋਂਦ ਤੱਕ ਅੱਪੜ ਜਾਂਦਾ ਹੈ। ਗੁਰੂ ਸਾਹਿਬ ਨੇ ਆਪਣੇ ਅਸੂਲਾਂ 'ਤੇ ਪਹਿਰਾ ਦੇਣ ਦੀ ਪਿਰਤ ਪਾਈ। ਝੁੱਕਣ ਨਾਲੋਂ ਟੁੱਟ ਜਾਣ ਨੂੰ ਪਹਿਲ ਦਿੱਤੀ।

ਬਦੀ ਦਾ ਅਹਿਸਾਸ ਕਰਵਾਉਂਦੇ ਵਕਤ ਨਾ ਹੀ ਦਿਲ ਦੁਖਾਵਾਂ ਢੰਗ ਅਖ਼ਤਿਆਰ ਕੀਤਾ ਅਤੇ ਨਾ ਹੀ ਆਪਣੀ ਰਾਇ ਦੱਸਣ ਵਿੱਚ ਕਸਰ ਛੱਡੀ। ਉਹ ਆਪਣੇ ਵਿਸ਼ਵਾਸ ਵਿੱਚ ਦ੍ਰਿੜ੍ਹ ਅਤੇ ਕਰਮ ਵਿਚ ਨਿਰੰਤਰ ਸਨ। ਉਨ੍ਹਾਂ ਨੇ ਕਿਤੇ ਅਟਕਾਰ ਨਹੀਂ ਮੰਨੀ ਸਗੋਂ ਟੋਏ-ਟਿੱਬਿਆਂ ਨੂੰ ਪੈਰਾਂ ਹੇਠ ਲੈ ਕੇ ਮੰਜ਼ਲ ਵੱਲ ਵਧਣ ਦੀ ਜਾਚ ਸਿਖਾਈ ਹੈ। ਫ੍ਰੈਡਰਿਕ ਪਿਨਕਾਟ (Fredrick pincott) ਦੇ ਸ਼ਬਦ ਇਸ ਦੂਰ-ਦਰਸ਼ੀ ਦੇਵਦੂਤ ਦੀ ਦ੍ਰਿੜ੍ਹਤਾ ਤੇ ਅਤੁੱਟ ਚਾਲ ਦੀ ਗਵਾਹੀ ਭਰਦੇ ਹਨ:

"Nanak was the first man of such a task for he wal thorough and consistent, prudent and yet enthusiastic, inoffensive yet urgentm, and as gentle in manner as he was strong in faith."

# ਸੰਤ ਬਿਸ਼ਨ ਸਿੰਘ ਜੀ ਦੇ ਖ਼ਾਸ ਵਿਦਿਆਰਥੀ

ਸੰਤ ਪ੍ਰੇਮ ਸਿੰਘ ਜੀ ਪਹਿਲੇ ਵਾਂਗ ਹੀ ਸੇਵਾ ਵਿੱਚ ਜੁਟ ਪਏ ਭਾਵੇਂ ਡੇਰੇ ਵਿੱਚ ਹੋਰ ਭੀ ਕਈ ਵਿਦਿਆਰਥੀ ਰਹਿੰਦੇ ਸਨ ਅਤੇ ਸੇਵਾ ਭੀ ਕਰਦੇ ਸਨ, ਪਰ ਜਿਸ ਤਰ੍ਹਾਂ ਸੰਤ ਪ੍ਰੇਮ ਸਿੰਘ ਜੀ ਪ੍ਰੇਮ ਨਾਲ, ਲਗਨ ਨਾਲ ਸੇਵਾ ਕਰਦੇ ਸਨ, ਉਹ ਸੇਵਾ ਅਨੋਖੀ ਸੀ। ਉਨ੍ਹਾਂ ਦੀ ਸੇਵਾ ਵੇਖ ਕੇ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਬੜੇ ਪ੍ਰਸੰਨ ਸਨ, ਬਲਕਿ ਇਕ ਤਰ੍ਹਾਂ ਨਾਲ ਸੰਤ ਪ੍ਰੇਮ ਸਿੰਘ ਜੀ ਨੇ ਆਪਣੇ ਪੂਰਬਲੇ ਕਰਮਾਂ ਅਨੁਸਾਰ ਸੇਵਾ ਕਰਕੇ ਸੰਤ ਬਾਬਾ ਬਿਸ਼ਨ ਸਿੰਘ ਜੀ ਨੂੰ ਵੱਸ ਕਰ ਲਿਆ ਸੀ। ਆਪ ਜੀ ਦੇ ਪਾਸ ਬੜੇ-ਬੜੇ ਮਹਾਂਪੁਰਖ ਵਿਦਿਆ ਪ੍ਰਾਪਤ ਕਰਨ ਲਈ ਡੇਰੇ ਰਹਿੰਦੇ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਲੈ ਕੇ ਮਹਾਨ ਵਿਦਿਵਾਨ ਤੇ ਕਥਾ ਵਾਚਕ ਬਣ ਕੇ ਬੜੀਆਂ ਉੱਚੀਆਂ-ਉੱਚੀਆਂ ਪਦਵੀਆਂ ਤੇ ਸੁਸ਼ੋਭਿਤ ਹੋਏ। ਜੈਸਾ ਕਿ ਦਾਸ ਦੇ ਵਿਦਿਆ ਦਾਤੇ ਸ਼੍ਰੀਮਾਨ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂਵਾਲੇ, ਮਾਸਟਰ ਈਸ਼ਰ ਸਿੰਘ ਜੀ ਤਰਨਤਾਰਨ ਸਾਹਿਬ ਵਾਲੇ, ਜੋ ਇਥੇ ਵਿਦਿਆਲੇ ਦੇ ਇੰਚਾਰਜ ਸਨ, ਅਨੇਕਾਂ ਵਿਦਿਆਰਥੀਆਂ ਨੂੰ ਗੁਰਬਾਣੀ ਦੀ ਸੰਥਿਆ ਦੇ ਕੇ ਅਰਥ ਬੋਧ ਕਰਾ ਕੇ, ਉਨ੍ਹਾਂ ਨੂੰ ਬੜੇ ਚੰਗੇ ਪ੍ਰਚਾਰਕ ਅਤੇ ਕਥਾ ਵਾਚਕ ਬਣਾਇਆ। ਇਸ ਤਰ੍ਹਾਂ ਹੋਰ ਵੀ ਬਹੁਤ ਸਾਰੇ ਵਿਦਿਆਰਥੀ ਵਿਦਿਆ ਹਾਸਲ ਕਰਕੇ ਲਾਭ ਪ੍ਰਾਪਤ ਕਰਦੇ। ਇੱਕ ਤਰ੍ਹਾਂ ਨਾਲ ਮੁਰਾਲੇ ਦੀ ਟਕਸਾਲ ਸਿੱਖ ਪੰਥ ਵਿੱਚ ਬਹੁਤ ਮਸ਼ਹੂਰ ਹੋਈ। ਸ਼੍ਰੀਮਾਨ ਸੰਤ ਬਾਬਾ ਭਾਗ ਸਿੰਘ ਜੀ ਵੀ ਮੁਰਾਲੇ ਡੇਰੇ ਵਿੱਚ ਬਹੁਤ ਸਮਾਂ ਗੁਜ਼ਾਰਦੇ। ਆਪ ਮਹਾਨ ਤਪੱਸਵੀ ਅੱਠੇ ਪਹਿਰ ਨਾਮ ਸਿਮਰਨ ਵਿੱਚ ਮਸਤ ਰਹਿੰਦੇ। ਅੱਖੀਂ ਵੇਖਿਆ ਹੈ ਕਿ ਸੰਤ ਬਾਬਾ ਭਾਗ ਸਿੰਘ ਜੀ ਦੀ ਕਿਤਨੇ-ਕਿਤਨੇ ਘੰਟੇ ਸਮਾਧੀ ਲੱਗੀ ਰਹਿੰਦੀ ਸੀ ਅਤੇ ਆਪਣੀ ਮੌਜ ਨਾਲ ਸਮਾਧੀ ਖੋਲ੍ਹਦੇ ਸਨ। ਕਿਸੇ ਦੀ ਜ਼ੁਰਅੱਤ ਨਹੀਂ ਨਹੀਂ ਸੀ ਕਿ ਕੋਈ ਉਨ੍ਹਾਂ ਦਾ ਦਰਵਾਜ਼ਾ ਖੜਕਾ ਸਕੇ। ਇਨ੍ਹਾਂ ਦੇ ਜੀਵਨ ਸਬੰਧੀ ਅੱਗੇ ਚਲ ਕੇ ਚੰਦ ਸ਼ਬਦ ਲਿਖਾਂਗਾ।

### ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਮੁਰਾਲੇ ਡੇਰੇ ਦੀ ਗੱਦੀ ਦੀ ਬਖ਼ਸ਼ਿਸ਼

ਸੰਤ ਬਾਬਾ ਬਿਸ਼ਨ ਸਿੰਘ ਜੀ ਆਪਣੇ ਤੋਂ ਪਹਿਲੇ ਮਹਾਂਪੁਰਖ ਬਾਬਾ ਅਮੀਰ ਸਿੰਘ ਜੀ ਦੀ ਸਾਲਾਨਾ ਯਾਦ ਵਿੱਚ 13, 14, 15 ਭਾਦਰੋਂ ਨੂੰ ਇੱਕ ਭਾਰੀ ਧਾਰਮਿਕ ਸਮਾਗਮ ਹਮੇਸ਼ਾ ਕਰਦੇ ਸਨ। ਇਸ ਧਾਰਮਿਕ ਸਮਾਗਮ ਵਿੱਚ ਬੜੇ-ਬੜੇ ਗੁਣੀ-ਗਿਆਨੀ, ਕਥਾ ਵਾਚਕ ਅਤੇ ਪ੍ਰਸਿੱਧ ਕੀਰਤਨੀਏ ਰਾਗੀ, ਰਬਾਬੀ ਜਥੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਨ੍ਹਾਂ ਤੋਂ ਛੁੱਟ ਬੜੇ-ਬੜੇ ਮਹਾਂ ਪੁਰਖ ਨਿਰਮਲ ਭੇਖ ਦੇ ਸੰਤ-ਮਹੰਤ ਵੀ ਇਥੇ ਪੁੱਜ ਕੇ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਸਨ।

ਇਸ ਸਾਲ ਵੀ ਸੰਤ ਭਗਤ ਸਿੰਘ ਜੀ ਪਿੰਡੀ ਘੇਪ ਵਾਲੇ (ਜੋ ਨਿਰਮਲ ਪੰਚਾਇਤੀ ਅਖਾੜੇ ਦੇ ਮਹੰਤ ਪੰਡਤ ਸ੍ਰੀ ਸੁੱਚਾ ਸਿੰਘ ਜੀ ਹੋਰਾਂ ਦੇ ਗੁਰੂ ਸਨ), ਸੰਤ ਬਾਬਾ ਭਾਗ ਸਿੰਘ ਜੀ ਆਦਿ ਬਹੁਤ ਸਾਰੇ ਮਹਾਂ ਪੁਰਖ ਸੰਤ ਮਹੰਤ ਇਸ ਸਾਲਾਨਾ ਸਮਾਗਮ ਵਿੱਚ ਪੁੱਜੇ ਹੋਏ ਸਨ। ਸੰਤ ਬਾਬਾ ਬਿਸ਼ਨ ਸਿੰਘ ਜੀ ਦਾ, ਸੰਤ ਭਗਤ ਸਿੰਘ ਜੀ ਅਤੇ ਸੰਤ ਭਾਗ ਸਿੰਘ ਜੀ ਹੋਰਾਂ ਨਾਲ ਬਹੁਤ ਪਿਆਰ ਸੀ। ਸਾਰਿਆਂ ਨਾਲ ਸਲਾਹ ਕੀਤੀ ਕਿ ਦਾਸ ਦਾ ਸਰੀਰ ਬਿਰਧ ਹੋ ਗਿਆ ਹੈ ਡੇਰੇ ਦੀ ਸੇਵਾ ਸੰਭਾਲ ਕਰਨ ਨੂੰ ਅਸਮਰਥ ਹੈ। ਇਸ ਲਈ ਮੈਂ ਸੰਤ ਪ੍ਰੇਮ ਸਿੰਘ ਜੀ ਨੂੰ ਆਪਣੇ ਥਾਂ 'ਤੇ ਅਸਥਾਪਨ ਕਰਕੇ ਡੇਰੇ ਦੀ ਸਾਰੀ ਜ਼ਿੰਮੇਵਾਰੀ ਦੇਣਾ ਚਾਹੁੰਦਾ ਹਾਂ। ਸਾਰਿਆਂ ਸੰਤਾਂ ਮਹੰਤਾਂ ਨੇ ਸੰਤ ਬਾਬਾ ਬਿਸ਼ਨ ਸਿੰਘ ਜੀ ਦੀ ਇਸ ਚੋਣ ਦੀ ਸ਼ਲਾਘਾ ਕੀਤੀ ਤੇ ਆਪਣੀ ਸਹਿਮਤੀ ਪ੍ਰਗਟ ਕੀਤੀ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਭਾਦਰੋਂ ਸੰਮਤ 1962 ਮੁਤਾਬਕ ਅਗਸਤ 1905 ਨੂੰ ਸੰਤ ਪ੍ਰੇਮ ਸਿੰਘ ਜੀ ਦੇ ਸਿਰ 'ਤੇ ਨਿਰਮਲ ਭੇਖ ਦੀ ਮਰਯਾਦਾ ਅਨੁਸਾਰ ਪੰਜ ਦਸਤਾਰਾਂ ਬੰਨ੍ਹ ਕੇ ਮੁਰਾਲੇ ਡੇਰੇ ਦੀ ਗੱਦੀ 'ਤੇ ਅਸਥਾਪਨ ਕਰ ਦਿੱਤਾ। ਇਸ ਸਮੇਂ ਹੋਰ ਵੀ ਬਹੁਤ ਸਾਰੇ ਸੰਤਾਂ ਮਹੰਤਾਂ ਨੇ ਦਸਤਾਰਾਂ ਦਿੱਤੀਆਂ। ਆਪ ਦੀ ਉਮਰ ਉਸ ਵੇਲੇ 23 ਸਾਲ ਦੀ ਸੀ। ਕਈ ਐਸੇ ਭੀ ਚੰਦ ਆਦਮੀ ਸਨ ਜੋ ਵਿਰੋਧਤਾ ਕਰਦੇ ਸਨ, ਪਰ ਦੂਰ-ਅੰਦੇਸ਼ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਨੇ ਕਿਸੇ ਵੀ ਵਿਰੋਧੀ ਦੀ ਗੱਲ ਦੀ ਪ੍ਰਵਾਹ ਨਾ ਕੀਤੀ। ਕਈਆਂ ਨੇ ਕਿਹਾ ਕਿ ਤੁਸੀਂ ਜਵਾਨ ਮੁੰਡੇ ਨੂੰ ਗੱਦੀ 'ਤੇ ਬਿਠਾ ਕੇ ਡੇਰਾ ਬਰਬਾਦ ਕਰਨ ਲੱਗੇ ਹੋ। ਦਿਵਿਆ ਦ੍ਰਿਸ਼ਟੀ ਵਾਲੇ ਮਹਾਂਪੁਰਖ ਬਾਬਾ ਬਿਸ਼ਨ ਸਿੰਘ ਜੀ ਨੇ ਕਿਹਾ ਗੁਰਮੁਖੋ, ਇਸ ਸਰੀਰ ਨੇ ਤਾਂ ਵੇਖਣਾ ਨਹੀਂ, ਪਰ ਤੁਸੀਂ ਵੇਖੋਗੇ ਕਿ ਇਸ ਡੇਰੇ ਨੂੰ ਸਤਿਗੁਰੂ ਕੀ ਕੀ ਭਾਗ ਲਾਉਂਦੇ ਹਨ। ਦੱਸਦੇ ਹਨ ਕਿ ਸੰਤ ਪ੍ਰੇਮ ਸਿੰਘ ਜੀ ਨੂੰ ਗੱਦੀ ਦੇਣ ਦੀ ਗੱਲ ਜਦੋਂ ਸੰਤ ਬਾਬਾ ਬਿਸ਼ਨ ਸਿੰਘ ਜੀ ਨੇ ਕਹੀ ਤਾਂ ਸੰਤ ਪ੍ਰੇਮ ਸਿੰਘ ਜੀ ਨੇ ਹੱਥ ਜੋੜ ਕੇ ਮਹਾਂਪੁਰਖਾਂ ਨੂੰ ਕਿਹਾ ਕਿ ਮਹਾਰਾਜ! ਮੈਂ ਇਹ ਮਹੰਤੀ ਦੀ ਪੰਡ ਨਹੀਂ ਚੁੱਕ ਸਕਦਾ, ਦਾਸ ਨੂੰ ਖਿਮਾ ਬਖਸ਼ੋ! ਕਹਿੰਦੇ ਹਨ ਕਿ ਅੱਖਾਂ ਵਿੱਚੋਂ ਜ਼ਾਰੋਜ਼ਾਰ ਹੰਝੂਆਂ ਦਾ ਪ੍ਰਵਾਹ ਚਲ ਰਿਹਾ ਸੀ। ਮਹਾਂਪੁਰਖਾਂ ਕਿਹਾ ਗੁਰਮੁਖਾ, ਕਰਜ਼ੇ ਤੋਂ ਡਰਦਾ ਹੈ, ਇਹ ਸਭ ਉੱਤਰ ਜਾਏਗਾ, 'ਗੁਰੂ ਦਾ ਭਰੋਸਾ ਰੱਖ, ਮਾਇਆ ਤੇਰੇ ਕਦਮਾਂ ਵਿੱਚ ਰੁਲੇਗੀ। ਇਸ ਤਰ੍ਹਾਂ ਹਰ ਤਰ੍ਹਾਂ ਦਾ ਹੌਂਸਲਾ ਦੇ ਕੇ ਸੰਤ ਪ੍ਰੇਮ ਸਿੰਘ ਜੀ ਨੂੰ ਸਾਵਧਾਨ ਕੀਤਾ ਤੇ ਇਨ੍ਹਾਂ ਨੂੰ ਗੱਦੀ ਦੇਣ ਦਾ ਆਪਣਾ ਫੈਸਲਾ ਅਟੱਲ ਰੱਖ ਗੱਦੀ 'ਤੇ ਸੁਸ਼ੋਭਿਤ ਕੀਤਾ।

### ਸੰਤ ਬਾਬਾ ਬਿਸ਼ਨ ਸਿੰਘ ਜੀ ਦੀ ਮਹਾਨ ਤਪੱਸਿਆ

ਸੰਤ ਬਾਬਾ ਬਿਸ਼ਨ ਸਿੰਘ ਜੀ, ਸੰਤ ਪ੍ਰੇਮ ਸਿੰਘ ਜੀ ਨੂੰ ਗੱਦੀ ਦੇ ਕੇ ਡੇਰੇ ਦੀਆਂ ਸਭ ਜ਼ਿੰਮੇਵਾਰੀਆਂ ਤੋਂ ਮੁਕਤ ਹੋ ਗਏ। ਡੇਰੇ ਦੇ ਕਿਸੇ ਕੰਮ ਵਿੱਚ ਵੀ ਆਪ ਕੋਈ ਦਖਲ ਨਹੀਂ ਸਨ ਦਿੰਦੇ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਆਦਿ ਦੀ ਕਿਰਿਆ ਸਾਧ ਕੇ, ਸਮਾਧੀ ਅਸਥਿਤ ਹੋ ਕੇ ਨਾਮ ਸਿਮਰਨ ਵਿੱਚ ਲੀਨ ਹੋ ਜਾਂਦੇ। ਉਪ੍ਰੰਤ ਚੱਕੀ ਨਾਲ ਹੱਥੀਂ ਆਟਾ ਪੀਂਹਦੇ ਜਿਸ ਆਟੇ ਦਾ ਕੜਾਹ ਪ੍ਰਸ਼ਾਦ ਬਣਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੋਜ਼ ਭੋਗ ਲੱਗਦਾ ਸੀ। ਉਪਰੰਤ ਆਪ ਜੀ ਹਮੇਸ਼ਾ ਵਾਂਗ ਅੰਮ੍ਰਿਤ ਵੇਲੇ ਹੀ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਅਰਥਾਂ ਦੀ ਸੰਥਿਆ ਦਿੰਦੇ। ਸੰਥਿਆ ਦਿੰਦਿਆਂ ਹੀ ਆਪ ਪੱਬੀ ਦੀ ਪਹਾੜੀ, ਜੋ ਮੁਰਾਲੇ ਤੋਂ ਚਾਰ ਪੰਜ ਮੀਲ 'ਤੇ ਹੈ, ਉਥੇ ਚਲੇ ਜਾਂਦੇ ਅਤੇ ਹਨ੍ਹੇਰੇ ਹੀ ਉੱਥੋਂ ਵਾਪਸ ਆਉਂਦੇ ਸਾਰੀ ਦਿਹਾੜੀ ਕੋਈ ਭੋਜਨ ਨਹੀਂ ਸਨ ਕਰਦੇ। ਸਵੇਰੇ ਹੀ ਜੋ ਥੋੜ੍ਹਾ ਭੋਜਨ ਲੈ ਲਿਆ, ਲੈ ਲਿਆ। ਸੰਤ ਗਿਆਨੀ ਸੁੰਦਰ ਸਿੰਘ ਜੀ ਦਿਨੇ ਕੇਵਲ ਪਾਣੀ ਲੈ ਕੇ ਜਾਂਦੇ ਸਨ। ਸਾਰਾ ਦਿਨ ਆਪ ਉੱਥੇ ਸਿਮਰਨ ਦਾ ਹੀ ਆਧਾਰ ਕਰਦੇ।

ਇਸ ਤਰ੍ਹਾਂ ਆਪ ਜੀ ਨੂੰ ਮਹਾਨ ਤਪੱਸਿਆ ਤੇ ਭਜਨ ਸਿਮਰਨ ਕਰਦਿਆਂ ਦੋ ਸਾਲ ਹੋ ਗਏ। ਆਖਿਰ ਸੰਤ ਪ੍ਰੇਮ ਸਿੰਘ ਨੂੰ ਸ਼ੁਭ ਸਿੱਖਿਆ ਅਤੇ ਕਈ ਬਚਨ ਵਰ ਦੇ ਰੂਪ ਵਿੱਚ ਦੇ ਕੇ 14 ਮਾਘ, ਸੰਮਤ 1964 ਮੁਤਾਬਿਕ ਜਨਵਰੀ 1907 ਨੂੰ ਆਪਣਾ ਪੰਜ ਭੂਤਕ ਸਰੀਰ ਤਿਆਗ ਕੇ ਸਦਾ ਲਈ ਸਿੱਖ ਸੰਗਤਾਂ ਨੂੰ ਵਿਛੋੜਾ ਦੇ ਗਏ। ਸੰਤ ਪ੍ਰੇਮ ਸਿੰਘ ਜੀ ਨੂੰ ਗੱਦੀ ਦੇ ਕੇ ਆਪ ਦੋ ਸਾਲ ਰਹੇ। ਕਹਿੰਦੇ ਹਨ ਕਿ ਦੋ ਸਾਲ ਡੇਰੇ ਦਾ ਵਾਤਾਵਰਣ ਅਜਿਹਾ ਹੋ ਗਿਆ ਕਿ ਨਾਮ ਸਿਮਰਨ ਤੋਂ ਬਿਨਾਂ ਕੋਈ ਗੱਲ ਤੱਕ ਨਹੀਂ ਸੀ ਕਰਦਾ।

# ਆਓ ਜਾਣੀਏ !

**- ਸੰਪਾਦਕ**

1. 16ਵੀਂ ਸਦੀ ਵਿੱਚ ਪੰਜਾਬ ਦਾ ਸਭ ਤੋਂ ਪ੍ਰਸਿੱਧ ਵਪਾਰਿਕ ਕੇਂਦਰ ਕਿਹੜਾ ਸੀ?
ੳ. ਲਾਹੌਰ ਅ. ਮੁਲਤਾਨ ੲ. ਪਿਸ਼ਾਵਰ ਸ. ਲੁਧਿਆਣਾ (ੳ)

2. ਪੰਜਾਬ ਦੇ ਕਿਹੜੇ ਸੂਬੇਦਾਰ ਦੇ ਬੁਲਾਵੇ 'ਤੇ ਬਾਬਰ ਨੇ ਪੰਜਾਬ 'ਤੇ ਹਮਲੇ ਕੀਤੇ?
ੳ. ਦੌਲਤ ਖਾਂ ਲੋਧੀ ਅ. ਬਹਿਲੋਲ ਲੋਧੀ ੲ. ਸਿਕੰਦਰ ਲੋਧੀ ਸ. ਇਬਰਾਹਿਮ ਲੋਧੀ (ੳ)

3. ਪਾਣੀਪਤ ਦੀ ਪਹਿਲੀ ਲੜਾਈ ਕਦੋਂ ਹੋਈ ਸੀ?
ੳ. 1526 ਅ. 1536 ੲ. 1546 ਸ. 1556 (ੳ)

4. ਬਾਬਰ ਨੇ ਪੰਜਾਬ (ਭਾਰਤ 'ਤੇ ਕਿਹੜੇ ਹਮਲੇ ਦੌਰਾਨ ਪਾਣੀਪਤ ਦਾ ਪਹਿਲਾ ਯੁੱਧ ਲੜਿਆ?
ੳ. ਪਹਿਲਾ ਹਮਲਾ ਅ. ਦੂਜਾ ਹਮਲਾ ੲ. ਪੰਜਵਾਂ ਹਮਲਾ ਸ. ਚੌਥਾ ਹਮਲਾ (ੲ)

5. ਮੁਗਲ ਕਾਲ ਵਿੱਚ ਪੰਜਾਬ ਕਿਹੜੇ ਨਾਂ ਨਾਲ ਜਾਣਿਆ ਜਾਂਦਾ ਸੀ?
ੳ. ਲਾਹੌਰ ਪ੍ਰਾਂਤ ਅ. ਟੱਕ ਦੇਸ਼ ੲ. ਟਕਾ ਸ. ਜੀਤਲ (ੲ)

6. ਮੁਗਲ ਕਾਲ ਸਮੇਂ ਪੰਜਾਬ ਵਿੱਚ ਤਾਂਬੇ ਦਾ ਕਿਹੜਾ ਸਿੱਕਾ ਸਭ ਤੋਂ ਵੱਧ ਪ੍ਰਚਲਿਤ ਸੀ?
ੳ. ਦਾਮ ਅ. ਆਨਾ ੲ. ਟਕਾ ਸ. ਜੀਤਲ (ੳ)

7. ਮੁਗਲ ਬਾਦਸ਼ਾਹ ਬਾਬਰ ਨੇ ਪੰਜਾਬ 'ਤੇ ਪਹਿਲੀ ਵਾਰ ਕਦੋਂ ਹਮਲਾ ਕੀਤਾ?
ੳ. 1519 ਈ. ਅ. 1520 ਈ. ੲ. 1524 ਈ. ਸ. 1526 ਈ. (ੳ)

8. ਮੁਗਲ ਵੰਸ਼ ਦੀ ਸਥਾਪਨਾ ਕਿਹੜੇ ਵੰਸ਼ ਦੇ ਪਤਨ ਤੋਂ ਬਾਅਦ ਕੀਤੀ ਗਈ?
ੳ. ਲੋਧੀ ਵੰਸ਼ ਅ. ਖਿਲਜ਼ੀ ਵੰਸ਼ ੲ. ਸੱਯਦ ਵੰਸ਼ ਸ. ਗੁਲਾਮ ਵੰਸ਼ (ੳ)

9. ਮੁਗਲ ਵੰਸ਼ ਦੀ ਸਥਾਪਨਾ ਤੋਂ ਬਾਅਦ ਭਾਰਤ ਦੇ ਕਿਹੜੇ ਨਗਰ ਨੂੰ ਰਾਜਧਾਨੀ ਬਣਾਇਆ ਗਿਆ?
ੳ. ਲਾਹੌਰ ਅ. ਦਿੱਲੀ ੲ. ਆਸਾਮ ਸ. ਪੇਸ਼ਾਵਰ (ਅ)

10. ਮੁਗਲ ਕਾਲ ਵਿੱਚ ਪੰਜਾਬ ਦੀ ਰਾਜਧਾਨੀ ਕਿਹੜੀ ਸੀ?
ੳ. ਜਲੰਧਰ ਅ. ਦਿੱਲੀ ੲ. ਲਾਹੌਰ ਸ. ਅੰਮ੍ਰਿਤਸਰ (ੲ)

11. ਦੁੱਲਾ ਭੱਟੀ ਕਿਹੜੇ ਮੁਗਲ ਬਾਦਸ਼ਾਹ ਦਾ ਸਮਕਾਲੀ ਸੀ?
ੳ. ਜਹਾਂਗੀਰ ਅ. ਸ਼ਾਹਜਹਾਂ ੲ. ਅਕਬਰ ਸ. ਔਰੰਗਜ਼ੇਬ

## ਜੁੱਤੀ

1. ਜੁੱਤੀ ਪਾਲਿਸ਼ ਕਰਨ ਤੋਂ ਪਹਿਲਾਂ ਨਿੰਬੂ ਮਲ ਕੇ ਜੁੱਤੀ ਧੁੱਪੇ ਰੱਖ ਦਿਓ। ਕੁਝ ਦੇਰ ਬਾਅਦ ਪਾਲਿਸ਼ ਕਰੋ, ਜੁੱਤੀ ਜ਼ਿਆਦਾ ਚਮਕੇਗੀ।

2. ਜੇ ਜੁੱਤੀ ਵੱਢਦੀ ਜਾਂ ਲੱਗਦੀ ਹੋਵੇ ਤਾਂ ਉਸ ਜਗ੍ਹਾ 'ਤੇ ਮੋਮ ਲਗਾ ਦਿਓ।

3. ਕੱਪੜੇ ਨੂੰ ਥੋੜ੍ਹਾ ਜਿਹਾ ਨਿੰਬੂ ਲਗ ਕੇ ਜੁੱਤੀ ਸਾਫ ਕਰੋ ਤੇ ਫਿਰ ਕੱਪੜਾ ਮਾਰੋ, ਜੁੱਤੀ ਚਮਕੇਗੀ।

4. ਚਿੱਟੇ ਬੂਟ, ਜੁੱਤੀ, ਨੇਲ ਰੀਮੂਵਰ ਨਾਲ ਸਾਫ ਕਰੋ। ਜੁੱਤੀ 'ਤੇ ਚਮਕ ਆ ਜਾਂਦੀ ਹੈ।

5. ਜੁੱਤੀ ਜਾਂ ਚੱਪਲ ਦਾ ਚਮੜਾ ਤਿੜਕ ਜਾਵੇ ਤਾਂ ਅਰਿੰਡੀ ਦਾ ਤੇਲ ਲਗਾ, ਠੀਕ ਹੋ ਜਾਂਦੀ ਹੈ।

6. ਜੁੱਤੀ ਨੂੰ ਪੈਟਰੋਲ ਨਾਲ ਸਾਫ ਕਰਕੇ ਫਿਰ ਪਾਲਿਸ਼ ਕਰੋ। ਜੁੱਤੀ ਜ਼ਿਆਦਾ ਚਮਕੇਗੀ।

7. ਨਵੀਂ ਜੁੱਤੀ ਪਾਉਣ ਤੋਂ ਪਹਿਲਾਂ ਜੁੱਤੀ ਵਿੱਚ ਗਲੈਸਰੀਨ ਜਾਂ ਸਰ੍ਹੋਂ ਦਾ ਤੇਲ ਲਗਾਓ, ਜੁੱਤੇ ਵੱਢੇਗੀ ਨਹੀਂ।



# ਸ਼ੋਕ ਸਮਾਚਾਰ

## ਜੀਵਨੀ ਆਜ਼ਾਦੀ ਘੁਲਾਟੀਏ ਸ. ਰਾਮ ਸਿੰਘ ਜੀ



ਸ. ਰਾਮ ਸਿੰਘ ਜੀ ਦਾ ਜਨਮ ਮਿਤੀ 23 ਜੁਲਾਈ ਸੰਨ 1917 ਈ: ਨੂੰ ਪਿੰਡ ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ ਪਿਤਾ ਸ. ਫਕੀਰ ਸਿੰਘ ਮਾਤਾ ਕੇਸਰ ਕੌਰ ਦੇ ਘਰ ਹੋਇਆ। ਦਸਵੀਂ ਤੱਕ ਪੜ੍ਹਾਈ ਪਿੰਡ ਕਾਹਨੂੰਵਾਨਵਿਚ ਹੀ ਕੀਤੀ। ਉਸ ਸਮੇਂ ਹਿੰਦੁਸਤਾਨ ਅਤੇ ਪਾਕਿਸਤਾਨ ਇਕੱਠੇ ਸੀ ਅਤੇ ਅੰਗਰੇਜ਼ ਹਕੂਮਤ ਦਾ ਰਾਜ ਚੱਲ ਰਿਹਾ ਸੀ। ਸੰਨ 1936 ਈ: ਵਿਚ ਆਪ ਅੰਗਰੇਜ਼ ਫੌਜ ਵਿਚ ਭਰਤੀ ਹੋ ਗਏ ਅਤੇ ਆਪ ਨੂੰ ਟ੍ਰੇਨਿੰਗ ਲਈ ਪਾਕਿਸਤਾਨ ਦੇ ਸ਼ਹਿਰ (ਚਕਲਾਲਾ) ਭੇਜ ਦਿੱਤਾ ਗਿਆ। ਸੰਨ 1939 ਈ: ਵਿਚ ਅੰਗਰੇਜ਼ ਹਾਕਮਾਂ ਨੇ 500 ਸਿਪਾਹੀਆਂ ਨੂੰ ਟ੍ਰੇਨਿੰਗ ਦੇ ਕੇ ਚਕਲਾਲੇ ਤੋਂ ਕਲਕਤੇ ਲੈ ਆਂਦਾ ਉਸ ਵਕਤ ਦੂਜੀ ਵਰਲਡਵਾਰ ਲੱਗੀ ਹੋਈ ਸੀ। ਇਹਨਾਂ ਫੌਜੀਆਂ ਨੂੰ ਮਿਸਰ, ਬ੍ਰਹਮਾਂ ਅਤੇ ਰੰਗੂਨ ਦੇਸ਼ਾਂ ਵਿਚ ਜੰਗ ਕਰਨ ਲਈ ਲਿਜਾਇਆ ਜਾ ਰਿਹਾ ਸੀ। ਜਦੋਂ 500 ਫੌਜੀਆਂ ਨੂੰ ਕਲਕੱਤੇ ਲਿਆਂਦਾ ਗਿਆ ਤਾਂ ਸ. ਰਾਮ ਸਿੰਘ ਨੇ ਆਪਣੇ ਕਮਾਂਡਰ ਨੂੰ ਕਿਹਾ ਅਸੀਂ ਕਲਕੱਤਾ ਸ਼ਹਿਰ ਘੁੰਮ ਆਈਏ ਤਾਂ ਅੰਗਰੇਜ਼ ਕਮਾਂਡਰ ਨੇ ਕੁਝ ਫੌਜੀਆਂ ਨੂੰ ਘੁੰਮਣ ਲਈ ਇਜਾਜ਼ਤ ਦੇ ਦਿੱਤੀ। ਕੁਝ ਫੌਜੀ ਸ. ਰਾਮ ਸਿੰਘ ਨਾਲ ਕਲਕੱਤਾ ਸ਼ਹਿਰ ਘੁੰਮਣ ਲਈ ਆ ਗਏ।

ਜਦ ਇਹਨਾਂ ਫੌਜੀਆਂ ਦੀ ਨਜ਼ਰ ਇੱਕ ਛੋਟੇ ਜਿਹੇ ਜਲਸੇ ਦੇ ਉੱਪਰ ਪਈ ਤਾਂ ਇਹ ਫੌਜੀ ਉਸ ਜਲਸੇ ਨੂੰ ਵੇਖਣ ਲਈ ਚਲੇ ਗਏ। ਇਹਨਾਂ ਦੇਖਿਆ ਕਿ ਸ਼ੁਭਾਸ਼ ਚੰਦਰ ਬੋਸ ਛੋਟੇ ਜਿਹੇ ਜਲਸੇ ਨੂੰ ਸੰਬੋਧਨ ਕਰ ਰਹੇ ਸਨਅਤੇ ਕਹਿ ਰਹੇ ਸਨ "ਹੇ ਹਿੰਦੁਸਤਾਨ ਕੇ ਸਿਪਾਹੀਓ ਅਸੀਂ ਗੱਡੀਆਂ ਥੱਲੇ ਮਰਨ ਨੂੰ ਤਿਆਰ ਨਹੀਂ, ਤੁਸੀਂ ਖੁਦ ਗੁਲਾਮ ਹੁੰਦੇ ਹੋਏ ਦੂਜੇ ਦੇਸ਼ਾਂ ਨੂੰ ਗੁਲਾਮ ਕਰਨ ਜਾ ਰਹੇ ਹੋ ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ" ਇਹ ਗੱਲ ਸ. ਰਾਮ ਸਿੰਘ ਦੇ ਦਿਲ ਵਿਚ ਜਾ ਲੱਗੀ ਇਹ ਵਾਪਿਸ ਆਪਣੀ ਯੂਨਿਟ ਵਿਚ ਆ ਗਏ। ਇਹਨਾਂ 500 ਸਿਪਾਹੀਆਂ ਨੂੰ ਸਮੁੰਦਰੀ ਜਹਾਜ ਰਾਹੀਂ ਬ੍ਰਹਮਾਂ, ਮਿਸਰ, ਰੰਗੂਨ ਸ਼ਹਿਰਾਂ ਵਿਚ ਵੱਖ-ਵੱਖ ਥਾਵਾਂ ਤੇ ਭੇਜ ਦਿੱਤਾ। ਉਸ ਵਕਤ ਅੰਗਰੇਜ਼ ਹਕੂਮਤ ਦਾ ਜਨਰਲ ਬੇਵਲ ਰਾਜ ਕਰਦਾ ਸੀ। ਸ. ਰਾਮ ਸਿੰਘ ਨੇ ਅੰਗਰੇਜ਼ ਹਕੂਮਤ ਤੋਂ ਚੋਰੀ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਜਨਰਲ ਬੇਵਲ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਜਨਰਲ ਬੇਵਲ ਨੇ 500 ਫੌਜੀਆਂ ਨੂੰ ਇਕੱਠਾ ਕਰਕੇ ਇਹਨਾਂ ਦੇ ਉੱਪਰ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ, ਸ. ਰਾਮ ਸਿੰਘ ਨੇ ਇਸਦੇ ਦਬਾਓ ਹੇਠਾਂ ਨਾ ਆਉਂਦੇ ਹੋਏ ਨੌਕਰੀ ਕਰਨ ਤੋਂ ਇੰਨਕਾਰ ਕਰ ਦਿੱਤਾ। ਜਨਰਲ ਬੇਵਲ ਨੇ ਸ. ਰਾਮ ਸਿੰਘ ਨੂੰ ਇਹ ਕਿਹਾ ਕਿ ਮੈਂ ਤੈਨੂੰ ਗੋਲੀ ਮਾਰ ਦੇਵਾਂਗਾ। ਸ. ਰਾਮ ਸਿੰਘ ਨੇ ਅੱਗੋਂ ਜਵਾਬ ਦਿੱਤਾ ਕਿ ਤੁਸੀਂ ਮੇਰੀ ਛਾਤੀ ਤੇ ਗੋਲੀ ਮਾਰ ਦੇਵੋ ਪਰ ਮੈਂ ਤੁਹਾਡਾ ਕੋਈ ਕੰਮ ਨਹੀਂ ਕਰਾਂਗਾ। ਇਹਨਾਂ 500 ਫੌਜੀਆਂ ਨੂੰ ਕੈਦ ਕਰ ਲਿਆ ਗਿਆ ਅਤੇ ਬੇਵਲ ਨੇ ਕਿਹਾ "ਜੇਕਰ ਸਿੱਖ ਨਾ ਹੋਣ ਤਾਂ ਅਸੀਂ ਇੰਗਲੈਂਡ ਵਿਚ ਬੈਠ ਕੇ ਹੀ ਹਿੰਦੁਸਤਾਨ ਉੱਪਰ ਰਾਜ ਕਰ ਲਈਏ ਸਾਨੂੰ ਇਹਨਾਂ ਸਿੱਖਾਂ ਕਰਕੇ ਹਿੰਦੁਸਤਾਨ ਵਿਚ ਆਉਣਾ ਪੈਂਦਾ ਹੈ"। ਇਹਨਾਂ 500 ਸਿਪਾਹੀਆਂ ਨੂੰ ਕਲਕੱਤੇ ਭੇਜ ਦਿੱਤਾ ਗਿਆ। ਕਲਕੱਤੇ ਦਾ ਅੰਗਰੇਜ਼ ਜੇਲਰ ਬਹੁਤ ਮਾੜਾ ਸੀ ਅਤੇ ਸ. ਰਾਮ ਸਿੰਘ ਨੇ ਜੇਲਰ ਨੂੰ 5-7 ਥਪੜ ਮਾਰ ਦਿੱਤੇ। ਜੋ ਇਹਨਾਂ ਦੇ ਨਾਲ ਬਹੁਤ ਮਾੜਾ ਵਰਤਾਓ ਕਰਦਾ ਸੀ। ਜਨਰਲ ਬੇਵਲ ਉਸੇ ਜੇਲ ਵਿਚ ਆ ਗਿਆ। 100 ਬੰਦੇ ਤੇ ਸ. ਰਾਮ ਸਿੰਘ ਨੂੰ ਕਾਲੇ ਪਾਣੀ (ਅੰਡੇਮਾਨ ਨੀਕੋਬਾਰ) ਜੇਲ ਵਿਚ ਲੈ ਗਏ ਜਨਰਲ ਬੇਵਲ ਨੇ 2 ਡਾਕਟਰ ਬੁਲਾਏ ਅਤੇ ਸ. ਰਾਮ ਸਿੰਘ ਨੂੰ ਪੁੱਠੇ ਕਰਕੇ 30 ਬੈਂਤਾਂ ਲਗਾ ਦਿੱਤੀਆਂ ਅਤੇ ਅੱਧ-ਮਰਿਆ ਕਰਕੇ ਸੁੱਟ ਦਿੱਤਾ। 6 ਮਹੀਨੇ ਤੱਕ ਇਹਨਾਂ ਦੀ ਪਿੱਠ ਉੱਪਰੋਂ ਜ਼ਖ਼ਮ ਨਹੀਂ ਗਏ। ਸੰਨ 1947 ਈ: ਨੂੰ ਸਾਡਾ ਭਾਰਤ ਦੇਸ਼ ਆਜ਼ਾਦ ਹੋ ਗਿਆ। ਸ. ਰਾਮ ਸਿੰਘ ਬਹੁਤ ਖੁਸ਼ ਹੋਏ। ਇਹਨਾਂ ਦੇ ਨਾਲ ਦੇ 100 ਬੰਦਿਆਂ ਨੂੰ ਰਿਹਾ ਕਰ ਦਿੱਤਾ ਗਿਆ। ਸ. ਰਾਮ ਸਿੰਘ ਆਪਣੇ ਪਿੰਡ ਕਾਹਨੂੰਵਾਨ ਵਿਖੇ ਆਏ ਤਾਂ ਪਿੰਡ ਵਾਲਿਆਂ ਨੇ ਬਹੁਤ ਖੁਸ਼ੀ ਮਨਾਈ। 1973 ਈ: ਵਿਚ ਇੰਦਰਾ ਗਾਂਧੀ ਨੇ ਇਹਨਾਂ ਨੂੰ ਸਨਮਾਨਿਤ ਕਰਕੇ ਪੈਨਸ਼ਨ ਲਗਾ ਦਿੱਤੀ ਅਤੇ ਇਹਨਾਂ ਨੂੰ ਆਈ.ਐਨ.ਏ. ਦਾ ਦਰਜਾ ਮਿਲ ਗਿਆ।

ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੇ ਆਜ਼ਾਦੀ ਘੁਲਾਟੀਆਂ ਨਾਲ ਬਹੁਤ ਵਾਇਦੇ ਕੀਤੇ ਅਤੇ ਕਿਹਾ ਗਿਆ ਸੀ ਕਿ ਇਹਨਾਂ ਦੇ ਬੱਚਿਆਂ (ਪੁੱਤ, ਪੋਤਰੇ, ਦੋਹਤਰੇ, ਦੋਹਤਰੀਆਂ) ਨੂੰ ਪਹਿਲ ਦੇ ਆਧਾਰ ਤੇ ਨੌਕਰੀਆਂ ਦਿੱਤੀਆਂ ਜਾਣਗੀਆਂ ਅਤੇ ਰਾਜਧਾਨੀ ਚੰਡੀਗੜ੍ਹ ਵਿਖੇ ਪਲਾਟ ਦਿੱਤੇ ਜਾਣਗੇ। ਸ. ਰਾਮ ਸਿੰਘ ਆਜ਼ਾਦੀ ਘੁਲਾਟੀਏ ਦੇ ਦੋ ਪੋਤਰੇ ਬੇਰੋਜ਼ਗਾਰ ਹਨ ਅਤੇ ਇਹਨਾਂ ਦਾ ਇੱਕ ਵੱਡਾ ਪੋਤਰਾ ਜੋ ਐਸ.ਜੀ.ਪੀ.ਸੀ. ਵਿਚ ਆਰਜੀ ਤੌਰ ਤੇ ਤਿੰਨ ਸਾਲਾਂ ਤੋਂ ਨੌਕਰੀ ਕਰ ਰਿਹਾ ਹੈ। ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅੱਗੇ ਬੇਨਤੀ ਕਰਨ ਤੋਂ ਬਾਅਦ ਵੀ ਰਾਮ ਸਿੰਘ ਦੇ ਪੋਤਰੇ ਨੂੰ ਰੈਗੂਲਰ ਨਹੀਂ ਕੀਤਾ ਗਿਆ। ਆਗੂਆਂ ਵੱਲੋਂ ਆਜ਼ਾਦੀ ਘੁੱਲਾਟੀਏ ਦੇ ਪੋਤਰੇ ਨੂੰ ਛਿੱਕੂ ਵਿਚ ਟੰਗਦੇ ਹੋਏ ਇਹਨਾਂ ਦੀ ਬੇਨਤੀ ਵੱਲ ਧਿਆਨ ਨਹੀਂ ਦਿੱਤਾ ਗਿਆ। ਇਹਨਾਂ ਆਜ਼ਾਦੀ ਘੁੱਲਾਟੀਏ ਅਤੇ ਇਹਨਾਂ ਦੇ ਪਰਿਵਾਰਾਂ ਨੂੰ ਸਿਰਫ ਸਰਕਾਰੀ ਫਾਇਲਾਂ ਵਿਚ ਅਤੇ ਅਖ਼ਬਾਰਾਂ ਵਿਚ ਹੀ ਸੀਮਿਤ ਕਰਕੇ ਰੱਖ ਦਿੱਤਾ ਗਿਆ। ਜਦੋਂਕਿ ਸਰਕਾਰ ਨੂੰ ਇਹਨਾਂ ਦੇ ਪਰਿਵਾਰਾਂ ਲਈ ਪਹਿਲ ਦੇ ਆਧਾਰ ਤੇ ਕੰਮ ਕਰਨੇ ਚਾਹੀਦੇ ਹਨ। ਸ. ਰਾਮ ਸਿੰਘ ਅੰਮ੍ਰਿਤਧਾਰੀ ਸਿੱਖ ਸਨ। ਉਹ ਹਰ ਵੇਲੇ ਪਾਠ-ਪੂਜਾ ਅਤੇ ਸਰਬਤ ਦਾ ਭਲਾ ਹੀ ਮੰਗਦੇ ਸਨ। ਸੰਨ 1917 ਈ: ਤੋਂ 2013 ਤੱਕ 97 ਸਾਲ ਦੀ ਜ਼ਿੰਦਗੀ ਦਾ ਸਫ਼ਰ ਤਹਿ ਕਰਦੇ ਹੋਏ 07-07-2013 ਨੂੰ ਗੁਰੂ ਚਰਨਾਂ ਵਿਚ ਜਾ ਨਿਵਾਜੇ ਹਨ। ਇਹ ਉਹਨਾਂ ਦੀ ਜ਼ਿੰਦਗੀ ਦਾ ਸਫ਼ਰ ਹੈ।

**ਸ. ਸੁਰਿੰਦਰ ਸਿੰਘ ਪੁੱਤਰ**

**ਸ. ਰਾਮ ਸਿੰਘ ਆਜ਼ਾਦੀ ਘੁਲਾਟੀਏ, ਪਠਾਨਕੋਟ**

# ਕਾਵਿ-ਕਿਆਰੀ

**ਲਫ਼ਜ਼ਾਂ ਦੀ ਲੋਏ-ਲੋਏ/ਹਰਬਖ਼ਸ਼ ਸਿੰਘ ਟਾਹਲੀ**



## ਹੁਸਨ

ਹੁਸਨ, ਪਿਆਰ ਲਈ ਤੜਪ ਪੈਦਾ ਕਰਦਾ ਹੈ,
ਹੁਸਨ, ਦੁਨੀਆਂ ਦੇ ਬਗੀਚੇ ਵਿੱਚ ਰੰਗ ਭਰਦਾ ਹੈ।
ਹੁਸਨ ਤੋਂ ਬਗੈਰ ਇਹ ਦੁਨੀਆਂ ਚੰਗੀ ਨਹੀਂ ਲੱਗਦੀ,
ਹੁਸਨ ਤੋਂ ਬਗੈਰ ਜ਼ਿੰਦਗੀ ਦੇ ਪਲ ਉਦਾਸ ਹੋ ਜਾਂਦੇ ਹਨ।
ਇਸ ਦੁਨੀਆਂ ਦੀ ਪਹਿਲੀ ਕਹਾਣੀ ਹੁਸਨ ਨਾਲ,
ਸ਼ੁਰੂ ਹੋਈ ਸੀ ਅਤੇ ਉਹ ਕਹਾਣੀ ਅੱਜ ਤੱਕ ਚੱਲਦੀ ਹੈ।
ਹੁਸਨ ਕਿਸੇ ਔਰਤ ਦੇ ਸ਼ਬਾਬ ਤੱਕ ਸੀਮਤ ਨਹੀਂ,
ਹੁਸਨ ਤਾਂ ਕਾਇਨਾਤ ਵਿੱਚ ਪਸਰਿਆ ਹੋਇਆ ਹੈ।
ਇਸ ਧਰਤੀ ਉੱਤੇ ਵਿਚਰਦੇ ਦਰਿਆ, ਧਰਤੀ ਦਾ ਹੁਸਨ ਹੈ।
ਇਸ ਧਰਤੀ ਉੱਤੇ ਉਗਦੇ ਫੁੱਲ, ਝੂਮਦੀ ਬਨਾਸਪਤੀ,
ਇਸ ਧਰਤੀ ਦੇ ਹੁਸਮ ਵਿੱਚ ਵਾਧਾ ਕਰ ਸਕਦੇ ਹਨ।
ਉਪਰ ਵੱਲ ਨੂੰ ਧਿਆਨ ਮਾਰੀਏ ਤਾਂ ਅਕਾਸ਼ ਵਿੱਚ,
ਟਿਮਟਿਮਾਉਂਦੇ ਸਿਤਾਰੇ ਆਕਾਸ਼ ਦਾ ਹੁਸਮ ਹੀ ਤਾਂ ਹੈ।
ਸੂਰਜ ਅਤੇ ਚੰਦ ਆਕਾਸ਼ ਦੇ ਹੁਸਨ ਦੀ ਗਵਾਹੀ ਭਰਦੇ ਹਨ।
ਹੁਸਨ ਹੀ ਤਾਂ ਹੈ ਜਿਸ ਨੂੰ ਦੇਖ ਕੇ ਪ੍ਰਸ਼ਨ ਉਠਦੇ ਹਨ,
ਕੀ ਅਤੇ ਕਿਉਂ ਦੇ?
ਹੁਸਨ ਤਾਂ ਗਿਆਨ ਦਾ ਸਰੋਤ ਹੈ।
ਹੁਸਨ ਵਲ ਦੇਖ ਕੇ ਇਸ ਦੇ ਕਰਤੇ ਦੀ ਢੂੰਢ ਸ਼ੁਰੂ ਹੋਈ ਹੈ।
ਹੁਸਨ ਵੱਲ ਦੇਖ ਕੇ ਲੋਕ ਜੋਗੀ ਹੋਏ ਹਨ।
ਹੁਸਨ, ਅੱਖਾਂ ਨਾਲ ਦੇਖਿਆ ਉਹ ਸਫਰ ਹੈ,
ਜਿਹੜਾ ਕਦੇ ਨਹੀਂ ਮੁੱਕਦਾ ਅਤੇ ਨਾ ਹੀ ਕਦੇ ਤਹਿ ਹੁੰਦਾ ਹੈ।
ਹੁਸਨ ਬੇਅੰਤ ਦੀ ਹਿੱਕ ਉੱਤੇ ਉੱਗਿਆ ਉਹ ਫੁੱਲ ਹੈ,
ਜੋ ਦੀਵਾਨੇ ਲੋਕਾਂ ਨੂੰ ਅੰਤਮ ਸੱਚ ਤੱਕ ਪਹੁੰਚਾ ਦਿੰਦਾ ਹੈ,
ਉਹ ਕਾਹਦਾ ਜੀਵਨ ਜਿਸ ਨੇ ਹੁਸਨ ਨੂੰ ਦੇਖ,
ਕੇ ਆਹ ਨਹੀਂ ਭਰੀ।
ਉਹ ਕਾਹਦਾ ਜੀਵਨ ਜਿਹੜਾ ਹੁਸਨ ਦੇ ਅੰਗਿਆਰਾਂ,
ਵਿੱਚ ਕਦੇ ਸੜਿਆ ਹੀ ਨਹੀਂ।

*****

## ਸ਼ਬਦਾਂ ਦੇ ਸੰਜੋਗ

* ਧਰਮ ਪਿਆਰ ਕਰਨ ਵਾਲੇ ਲੋਕ ਬਣਾਉਂਦੇ ਹਨ, ਗਿਆਨਵਾਨ ਲੋਕ ਇਸ ਦਾ ਵਿਸਥਾਰ ਕਰਦੇ ਹਨ ਤੇ ਕੱਟੜ ਲੋਕ ਇਸ ਨੂੰ ਖਤਮ ਕਰਦੇ ਹਨ।
* ਧਰਮ ਸਿਰਫ ਬਾਹਰੀ ਚਿੰਨ੍ਹਾਂ ਦਾ ਨਾਮ ਨਹੀਂ ਸਗੋਂ ਅੰਦਰੋਂ ਸੁਚੇਤ ਹੋ ਜਾਣ ਦਾ ਨਾਮ ਹੈ।
* ਧਰਮ ਵਿੱਚ ਜੋ ਲੋਕ ਨਿੱਜ ਨੂੰ ਮਾਰ ਲੈਂਦੇ ਹਨ ਉਹ ਧਾਰਮਿਕ ਹੋ ਜਾਂਦੇ ਹਨ ਅਤੇ ਜੋ ਧਰਮ ਨੂੰ ਸਿਰ 'ਤੇ ਚੁੱਕ ਕੇ ਘੁੰਮਦੇ ਹਨ ਉਹ ਪਾਗਲ ਹੋ ਜਾਂਦੇ ਹਨ।
* ਪਿਆਰ ਹੱਥ ਵਿੱਚ ਫੜਨ ਵਾਲੀ ਚੀਜ਼ ਨਹੀਂ ਇਹ ਦਿਲ ਵਿੱਚ ਸੰਭਾਲਣ ਵਾਲੀ ਪ੍ਰਵਾਨਗੀ ਹੈ।
* ਹੁਸਨ ਅੱਖਾਂ 'ਤੇ ਅਸਰ ਕਰਦਾ ਹੈ ਅਤੇ ਡੰਗ ਦਿਲ 'ਤੇ ਮਾਰਦਾ ਹੈ, ਫਿਰ ਦਿਲ ਉਸ ਹੁਸਨ ਨੂੰ ਅੱਖਾਂ ਰਾਹੀਂ ਭਾਲਦਾ ਰਹਿੰਦਾ ਹੈ।
* ਆਸ਼ਕ ਅਤੇ ਭਗਤ ਇਕੋ ਮੰਜ਼ਲ 'ਤੇ ਤੁਰਦੇ ਹਨ ਪਰ ਆਸ਼ਕ ਸਾਰਾ ਰਾਹ ਤੜਪਦਾ ਰਹਿੰਦਾ ਹੈ ਅਤੇ ਭਗਤ ਆਪਣੀ ਤੜਪ ਨੂੰ ਗਿਆਨ ਵਿੱਚ ਬਦਲ ਲੈਂਦਾ ਹੈ ਤੇ ਸੰਤੁਸ਼ਟ ਹੋ ਜਾਂਦਾ ਹੈ।
* ਪਿਆਰ ਕਰਨ ਵਾਲੇ ਲੋਕ ਕਦੇ ਕਿਸੇ ਦੀ ਚੁਗਲੀ ਨਹੀਂ ਕਰਦੇ ਅਤੇ ਨਾ ਹੀ ਆਪਣੀ ਨਿੰਦਿਆ ਦੀ ਪ੍ਰਵਾਹ ਕਰਦੇ ਹਨ।
* ਅਸੀਂ ਇਕ ਦੂਜੇ ਨੂੰ ਗਲਤ ਕਹਿੰਦੇ ਰਹਿੰਦੇ ਹਾਂ ਪਰ ਸਹੀ ਕੀ ਹੈ ਕਿਸੇ ਨੂੰ ਪਤਾ ਨਹੀਂ ਲੱਗਦਾ।
* ਵਿਅਕਤੀਗਤ ਪਿਆਰ ਦਿਲ ਨੂੰ ਧੂਹ ਪਾਉਂਦਾ ਹੈ ਪਰ ਸਾਕਾਰ ਹੋਇਆ ਪਿਆਰਪ ਅਨੰਦ ਵਿੱਚ ਲੈ ਜਾਂਦਾ ਹੈ।
* ਦੋ ਚੀਜ਼ਾਂ ਹਮੇਸ਼ਾਂ ਚੰਗੀਆਂ ਹੁੰਦੀਆਂ ਹਨ ਨਾ ਕਿਸੇ ਨੂੰ ਚੰਗਾ ਕਹੋ ਤੇ ਨਾ ਮਾੜਾ।

**ਹਰਬਖ਼ਸ਼ ਸਿੰਘ ਟਾਹਲੀ**

ਸਿਹਤ ਸੰਭਾਲ

# ਸਿਸਰ ਅਤੇ ਹੇਮੰਤ ਰੁੱਤ

## (ਮੱਘਰ-ਪੋਹ-ਮਾਘ-ਫੱਗਣ)
## (ਨਵੰਬਰ, ਦਸੰਬਰ, ਜਨਵਰੀ, ਫਰਵਰੀ)

**ਵੈਦ ਮੇਘ ਨਾਥ**

**ਰੁਤਿ ਸਿਸੀਅਰ ਸੀਤਲ ਹਰਿ ਪ੍ਰਗਟੇ ਮਘਰ ਪੋਹਿ ਜੀਉ ॥**
**ਜਲਨਿ ਬੁਝੀ ਦਰਸੁ ਪਾਇਆ ਬਿਨਸੇ ਮਾਇਆ ਧ੍ਰੋਹ ਜੀਉ ॥**
**(ਅੰਗ 929)**

**ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥**
**ਲਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ ॥**
**(ਅੰਗ 929)**

ਇਨ੍ਹਾਂ ਰੁੱਤਾਂ ਵਿੱਚ ਉੱਤਰ ਦਿਸ਼ਾ ਤੋਂ ਸੀਤਲ ਹਵਾਵਾਂ ਆਉਂਦੀਆਂ ਹਨ, ਕਾਫੀ ਸਮਾਂ ਸੂਰਜ ਧੁੰਦ ਅਤੇ ਕੋਹਰੇ ਨਾਲ ਢਕਿਆ ਰਹਿੰਦਾ ਹੈ, ਜਿਸ ਕਾਰਨ ਸਰੀਰ ਅੰਦਰ ਜਠਰ ਅਗਨੀ (ਪਾਚਨ ਸ਼ਕਤੀ) ਤੇਜ਼ ਹੁੰਦੀ ਹੈ, ਇਸ ਲਈ ਹਰ ਤਰ੍ਹਾਂ ਦੇ ਭਾਰੇ ਭੋਜਨ ਵੀ ਆਸਾਨੀ ਨਾਲ ਹਜ਼ਮ ਹੋ ਜਾਂਦੇ ਹਨ। ਇਸ ਰੁੱਤ ਵਿੱਚ ਨਿੱਗਰ ਅਤੇ ਚਿਕਨੇ, ਖੱਟੇ-ਮਿੱਠੇ ਅਤੇ ਖਾਰੇ ਪਦਾਰਥਾਂ ਦਾ ਸੇਵਨ ਕਰਨਾ ਚਾਹੀਦਾ ਹੈ। ਸਰਦੀ ਤੋਂ ਬਚਾਅ ਲਈ ਗਰਮ ਪਾਣੀ ਨਾਲ ਇਸ਼ਨਾਨ ਕਰਨਾ ਚਾਹੀਦਾ ਹੈ ਅਤੇ ਊਨੀ, ਸੂਤੀ ਅਤੇ ਖਾਦੀ ਦੇ ਮੋਟੇ ਕੱਪੜੇ ਪਹਿਨਣੇ ਚਾਹੀਦੇ ਹਨ।

**ਰੋਗਾਂ ਦੀ ਉਤਪਤੀ** - ਇਨ੍ਹਾਂ ਰੁੱਤਾਂ ਵਿੱਚ ਸਰਦੀ ਦੇ ਰੋਗ ਖਾਂਸੀ, ਜ਼ੁਕਾਮ, ਨਜ਼ਲਾ, ਸਿਰ ਦਰਦ, ਵਾਯੂ ਦਰਦ, ਪੇਟ ਰੋਗ, ਬਦਹਜ਼ਮੀ ਦੇਖਣ ਵਿੱਚ ਜ਼ਿਆਦਾ ਨਜ਼ਰ ਆਉਂਦੇ ਹਨ।

**ਰੋਗਾਂ ਦੇ ਇਲਾਜ** - 1. ਇਨ੍ਹਾਂ ਰੁੱਤਾਂ ਵਿੱਚ ਰੋਗਾਂ ਤੋਂ ਬਚਾਅ ਲਈ ਸਵੇਰੇ ਸ਼ਾਮ ਇੱਕ-ਇੱਕ ਗਿਲਾਸ ਪਾਣੀ ਦਾ ਸੇਵਨ ਕਰਨਾ ਚੰਗਾ ਹੈ।

2. ਇੱਕ ਹਿੱਸਾ ਜੰਗ ਹਰੜ, ਅੱਧਾ ਹਿੱਸਾ ਸੁੰਢ, ਚੌਥਾ ਹਿੱਸਾ ਅਜਵੈਣ ਬਰੀਕ ਚੂਰਣ ਕਰਕੇ ਅੱਧ-ਅੱਧਾ ਚਮਚ ਸਵੇਰੇ-ਸ਼ਾਮ ਗਰਮ ਪਾਣੀ ਨਾਲ ਸੇਵਨ ਕਰਨ ਨਾਲ ਵਾਯੂ ਦੇ ਦਰਦ, ਬਦਹਜ਼ਮੀ ਅਤੇ ਪੇਟ ਦੇ ਰੋਗ ਦੂਰ ਹੁੰਦੇ ਹਨ ਅਤੇ ਠੰਢ ਤੋਂ ਬਚਾਅ ਰਹਿੰਦਾ ਹੈ।

3. ਰੇਸ਼ਾ, ਨਜ਼ਲਾ, ਜ਼ੁਕਾਮ ਅਤੇ ਖਾਂਸੀ ਦੇ ਰੋਗਾਂ ਲਈ ਸੁਹਾਗਾ (ਤਵੇ 'ਤੇ ਖਿੱਲ ਕਰਕੇ) ਮੁਲੱਠੀ ਬਰਾਬਰ-ਬਰਾਬਰ ਪੀਸ ਕੇ ਕੱਪੜ ਛਾਣ ਕਰੋ, ਇਸ ਵਿੱਚ ਦੁੱਗਣਾ ਸ਼ਹਿਦ ਅਤੇ ਅਦਰਕ ਦਾ ਰਸ ਮਿਲਾ ਕੇ ਰੱਖੋ, ਬੱਚਿਆਂ ਅਤੇ ਵੱਡਿਆਂ ਨੂੰ ਦਿਨ ਵਿੱਚ ਤਿੰਨ ਵਾਰ ਚਟਾਓ।

4. ਤੁਲਸੀ ਦੇ ਪੱਤੇ 15, ਕਾਲੀਆਂ ਮਿਰਚਾਂ 7 ਕੁੱਟ ਕੇ, ਅਦਰਕ 10 ਗ੍ਰਾਮ ਬਰੀਕ ਕੱਟ ਕੇ ਅਤੇ 7 ਪਤਾਸੇ, 240 ਗ੍ਰਾਮ ਪਾਣੀ ਵਿੱਚ ਅੱਗ 'ਤੇ ਪਕਾਉ, ਚੌਥਾ ਹਿੱਸਾ ਰਹਿ ਜਾਣ 'ਤੇ ਪੀਓ ਅਤੇ ਕੁਝ ਸਮੇਂ ਲਈ ਕੱਪੜਾ ਲੈ ਕੇ ਪੈ ਜਾਓ। ਇਸ ਤਰ੍ਹਾਂ ਦਿਨ ਵਿੱਚ ਦੋ-ਤਿੰਨ ਵਾਰ ਕਰਨ ਨਾਲ ਜ਼ੁਕਾਮ, ਨਜ਼ਲਾ, ਖਾਂਸੀ, ਗਲੇ ਦੀ ਖਰਾਬੀ ਅਤੇ ਸਰਦੀ ਦੇ ਹੋਰ ਰੋਗ ਵੀ ਠੀਕ ਹੁੰਦੇ ਹਨ।

5. ਇਸ ਰੁੱਤ ਵਿੱਚ ਚਾਹ ਵਿੱਚ ਅਦਰਕ ਦਾ ਸੇਵਨ ਬਹੁਤ ਹੀ ਉੱਤਮ ਮੰਨਿਆ ਜਾਂਦਾ ਹੈ। ਦੁੱਧ ਵਿੱਚ ਉਬਾਲ ਕੇ ਛੁਹਾਰਾ, ਖਜੂਰ, ਮੁਨੱਕਾਂ, ਪਿਸ਼ਤਾ, ਬਾਦਾਮਗਿਰੀ ਆਦਿ ਦਾ ਸੇਵਨ ਸਰਦੀ ਤੋਂ ਬਚਾਅ ਲਈ ਫਾਇਦੇਮੰਦ ਹੈ। ਅਖਰੋਟ-ਗਿਰੀ, ਤਿਲ ਅਤੇ ਗੁੜ ਆਦਿ ਗਰਮ ਚੀਜ਼ਾਂ ਦੀ ਵਰਤੋਂ ਵੀ ਲਾਭਕਾਰੀ ਹੈ।

6. ਸਰਦ ਰੁੱਤ ਦਾ ਜੀਵਨ ਨੂੰ ਸ਼ਕਤੀਸ਼ਾਲੀ ਬਣਾਉਣ 'ਚ ਸਭ ਤੋਂ ਅਧਿਕ ਯੋਗਦਾਨ ਹੁੰਦਾ ਹੈ, ਇਸ ਲਈ ਇਸ ਰੁੱਤ ਵਿੱਚ ਗਾਜ਼ਰਪਾਕ, ਬਾਦਾਮਪਾਕ ਅਤੇ ਅਸ਼ਵਗੰਧਾ ਪਾਕਿ ਆਦਿ ਵਰਤ ਕੇ ਲੋੜੀਂਦਾ ਲਾਭ ਉਠਾਉ।

ਸਰਦੀ ਦੀ ਇਸ ਰੁੱਤ ਵਿੱਚ ਨਵੀਂ ਤਾਕਤ ਪ੍ਰਾਪਤ ਹੁੰਦੀ ਹੈ। ਠੰਢ ਦੇ ਕਾਰਨ ਪੇਟ ਦੀ ਅਗਨੀ ਬਲਵਾਨ ਹੋ ਕੇ ਪਾਚਨ ਸ਼ਕਤੀ ਵੱਧ ਕੇ ਚੰਗੀ ਭੁਖ ਲੱਗਦੀ ਹੈ। ਇਸ ਰੁੱਤ ਵਿੱਚ ਤਾਕਤ ਵਾਲੀ ਪੌਸ਼ਟਿਕ ਖੁਰਾਕ ਖਾਣੀ ਚਾਹੀਦੀ ਹੈ।

ਸਰੀਰ ਬਲਵਾਨ ਬਨਾਉਣ ਵਾਸਤੇ ਦੇਸੀ ਘੀ, ਤੇਲ, ਕਣਕ, ਉੜਦ (ਮਾਂਹ), ਛੋਲੇ, ਗੰਨਾ, ਦੁੱਧ, ਸੁੰਢ, ਮਘਾਂ, ਔਲੇ ਵਗੈਰਾ ਪਦਾਰਥਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਦੇਸੀ ਛੋਲੇ ਰਾਤ ਨੂੰ ਪਾਣੀ ਵਿੱਚ ਭਿਉਂ ਕੇ ਸਵੇਰੇ ਉਬਾਲ ਕੇ ਲੋੜ ਅਨੁਸਾਰ ਮਸਾਲਾ ਲਗਾ ਕੇ ਨਾਸ਼ਤੇ ਦੇ ਰੂਪ ਵਿੱਚ ਚੰਗੀ ਤਰ੍ਹਾਂ ਚਬਾ ਕੇ ਖਾਣੇ ਲਾਭਦਾਇਕ ਹਨ। ਔਲੇ ਦਾ ਮੁਰੱਬਾ, ਤਿਲ, ਗੁੜ, ਖੋਪਾ, ਖੰਜੂਰ ਆਦਿ ਦੀ ਵਰਤੋਂ ਹਿੱਤਕਾਰੀ ਹੈ। ਇੱਕ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ।

ਸਿਆਲ ਵਿੱਚ ਰਾਤ ਲੰਬੀ ਅਤੇ ਠੰਡੀ ਹੁੰਦੀ ਹੈ। ਆਯੁਰਵੇਦ ਦੇ ਅਚਾਰੀਆਂ ਨੇ ਸਵੇਰੇ ਨਾਸ਼ਤਾ ਕਰਨ ਨੂੰ ਕਿਹਾ ਹੈ। ਹੋਰ ਰੁੱਤਾਂ ਵਿੱਚ ਨਹੀਂ। ਜੋ ਸਰੀਰ ਕਰਕੇ ਕਮਜ਼ੋਰ ਹੋਵੇ ਉਸ ਸਰੀਰ ਵਿੱਚ ਤਾਕਤ ਵੱਧਣ ਲਈ ਵੈਦ ਦੀ ਸਲਾਹ ਲੈ ਕੇ ਆਮਲ ਕੀ ਰਸਾਇਣ, ਲਸਣ ਪਾਕ, ਬਾਦਾਮ ਪਾਕ, ਮੂਸਲੀ ਪਾਕ, ਸਾਲਮ ਪਾਕ (ਸਵਰਣ ਯੁਕਤ ਜਾਂ ਸਾਦਾ) ਚੁਹਾਰਾ ਪਾਕਿ ਆਦਿ ਦਾ ਸੇਵਨ ਸਿਹਤ ਲਈ ਬਹੁਤ ਹੀ ਵਰਦਾਨ ਹੈ ਜਿਸ ਨੂੰ ਕਬਜ਼ ਰਹਿੰਦੀ ਹੋਵੇ ਉਹ ਸਵੇਰੇ ਖਾਲੀ ਪੇਟ ਹਰੜ ਦਾ ਚੂਰਨ ਗੁੜ ਮਿਲਾ ਕੇ ਖਾਵੇ ਜਾਂ ਮੁਲੱਠੀ, ਹਰੜ, ਥਹੇੜ, ਔਲਾ ਚੂਰਨ ਕਰਕੇ ਪੰਜ ਗ੍ਰਾਮ ਦੀ ਖੁਰਾਕ ਪਾਣੀ ਨਾਲ ਲਵੇ। ਜਿਵੇਂ ਆਹਾਰ (ਖਾਣ-ਪੀਣ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਵਿਵਹਾਰ ਰਹਿਣ ਸਹਿਣ) ਦਾ ਵੀ ਖਾਸ ਖਿਆਲ ਰੱਖਣਾ ਚਾਹੀਦਾ ਹੈ। ਇਸ ਰੁੱਤ ਵਿੱਚ ਸਰੀਰ ਨੂੰ ਬਲਵਾਨ ਬਣਾਉਣ ਵਾਸਤੇ ਤੇਲ ਦੀ ਮਾਲਿਸ਼ ਕਰਨੀ ਚੰਗੀ ਹੈ ਅਤੇ ਛੋਲਿਆਂ ਦੇ ਆਟੇ ਦਾ ਲੇਪ ਅਤੇ ਔਲੇ ਦਾ ਪਾਊਡਰ ਬਟਨਾ ਕਰਨਾ ਵੀ ਬਹੁਤ ਲਾਭਦਾਇਕ ਹੈ। ਕਸਰਤ ਕਰਨੀ, ਡੰਡ ਬੈਠਕਾਂ ਕੱਢਣੀਆਂ, ਕੁਸ਼ਤੀ ਕਰਨੀ, ਭੱਜਣਾ, ਯੋਗ ਆਸਣ ਦਾ ਅਭਿਆਸ ਕਰਨਾ ਚਾਹੀਦਾ ਹੈ। ਸੂਰਜ ਦੀ ਧੁੱਪ ਸੇਕਣੀ ਵੀ ਲਾਭਕਾਰੀ ਹੈ।

ਥੋੜ੍ਹੇ ਗਰਮ ਪਾਣੀ ਨਾਲ ਇਸ਼ਨਾਨ ਕਰੋ। ਸਿਰ ਵਿੱਚ ਜ਼ਿਆਦਾ ਗਰਮ ਪਾਣੀ ਪਾਉਣਾ ਠੀਕ ਨਹੀਂ, ਭਾਵੇਂ ਕਿੰਨੀ ਵੀ ਠੰਢ ਹੋਵੇ ਸਵੇਰੇ ਛੇਤੀ ਉੱਠ ਕੇ ਇਸ਼ਨਾਨ ਕਰ ਲੈਣਾ ਚਾਹੀਦਾ ਹੈ ਰਾਤ ਨੂੰ ਸੌਣ ਨਾਲ ਜੋ ਸਰੀਰ ਵਿੱਚ ਗਰਮੀ ਪੈਦਾ ਹੁੰਦੀ ਹੈ ਉਹ ਇਸ਼ਨਾਨ ਕਰਨ ਨਾਲ ਬਾਹਰ ਨਿਕਲ ਜਾਂਦੀ ਹੈ। ਜਿਸ ਕਰਕੇ ਸਰੀਰ ਵਿੱਚ ਚੁਸਤੀ-ਫੁਰਤੀ ਵਿੱਚ ਵਾਧਾ ਹੁੰਦਾ ਹੈ। ਸਵੇਰੇ ਦਿਨ ਚੜ੍ਹੇ ਸੌਣ ਨਾਲ ਸਰੀਰ ਨੂੰ ਨੁਕਸਾਨ ਹੁੰਦਾ ਹੈ। ਸਰੀਰ ਵਿੱਚ ਵਧੀ ਹੋਈ ਗਰਮੀ, ਸਿਰ, ਅੱਖਾਂ, ਪੇਟ, ਪਿੱਤਾ, ਗੁਰਦੇ, ਪਿਸ਼ਾਬ ਦੀ ਥੈਲੀ, ਵੱਡੀ ਅੰਤ ਅਤੇ ਧਾਤ ਦੀ ਕਮਜ਼ੋਰੀ ਆਦਿ ਅਨੇਕਾਂ ਰੋਗ ਪੈਦਾ ਹੋ ਜਾਂਦੇ ਹਨ। ਇਸ ਕਰਕੇ ਸਵੇਰੇ ਜਲਦੀ ਉੱਠ ਕੇ ਪਾਣੀ ਪੀ ਕੇ, ਸੈਰ ਕਰਕੇ ਦਿਸ਼ਾ ਜਾਣ ਉਪ੍ਰੰਤ ਦਾਤਣ ਕਰਕੇ ਇਸ਼ਨਾਨ ਜ਼ਰੂਰ ਕਰਨਾ ਚਾਹੀਦਾ ਹੈ ਤਾਂ ਕਿ ਅਨੇਕਾਂ ਰੋਗਾਂ ਤੋਂ ਬਚਾਅ ਹੋ ਕੇ ਸਰੀਰ ਤੰਦਰੁਸਤ ਰਹਿ ਸਕੇ। ਜ਼ਿਆਦਾ ਠੰਢ ਤੋਂ ਬਚਣ ਵਾਸਤੇ ਗਰਮ ਉਨੀ ਵਸਤਰ ਪਹਿਨਣੇ ਚੰਗੇ ਹਨ ਅਤੇ ਰਾਤ ਨੂੰ ਗਰਮ ਕੰਬਲ, ਰਜਾਈ, ਗਰਮ ਕਮਰੇ ਵਿੱਚ ਪੈਣਾ ਅਤੇ ਅਗਨੀ ਸੇਕਣੀ ਲਾਭਦਾਇਕ ਹੈ।

ਇਸ ਰੁੱਤ ਵਿੱਚ ਜ਼ਿਆਦਾ ਠੰਢ ਵਿੱਚ ਰਹਿਣਾ, ਠੰਡਾ ਪਾਣੀ ਪੀਣਾ, ਭੁੱਖਾ ਰਹਿਣਾ, ਜ਼ਿਆਦਾ ਵਰਤ ਰੱਖਣਾ, ਖੁਸ਼ਕ, ਕੌੜੇ, ਕਸੈਲੇ, ਠੰਡੇ ਅਤੇ ਬਾਸੀ ਪਦਾਰਥ ਦੀ ਵਰਤੋਂ, ਦਿਨ ਵਿੱਚ ਸੌਣਾ, ਚਿੱਤ ਨੂੰ ਕਾਮ, ਕ੍ਰੋਧ, ਈਰਖਾ ਦਵੈਸ਼ ਰੱਖਣਾ, ਵੈਰ-ਵਿਰੋਧ ਕਰਨ ਆਦਿ ਇਹ ਗੱਲਾਂ ਸਰੀਰ ਅਤੇ ਮਨ ਲਈ ਬਹੁਤ ਨੁਕਸਾਨਦਾਇਕ ਹਨ।


**ਦੇਸ਼-ਵਿਦੇਸ਼ ਵਿਚ ਵਸਦੇ ਸਮੂਹ ਪੰਜਾਬੀਆਂ ਨੂੰ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ**
**ਪ੍ਰਧਾਨ ਸ. ਜਗੀਰ ਸਿੰਘ ਲਾਲੀਆ**
**ਅਤੇ ਮੈਨੇਜਮੈਂਟ ਦੀ ਪੂਰੀ ਟੀਮ ਵੱਲੋਂ**

# ਨਵਾਂ ਸਾਲ 2019

**ਦੀਆਂ ਲੱਖ-ਲੱਖ ਮੁਬਾਰਕਾਂ।**

**ਪ੍ਰਮਾਤਮਾ ਤੁਹਾਨੂੰ ਅਤੇ ਤੁਹਾਡੇ ਪਰਿਵਾਰ ਨੂੰ ਸਿਹਤਯਾਬੀ ਅਤੇ ਕਾਮਯਾਬੀ ਬਖਸ਼ੇ**

# ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 26-10-2018 ਤੋਂ 16-11-2018

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਇੰਸਪੈਕਟਰ ਕੁਲਬੀਰ ਸਿੰਘ<br>ਮਕਾਨ ਨੰ-590, ਫੇਸ-1, ਮੋਹਾਲੀ।<br>(ਆਪਣੇ ਪੁੱਤਰ ਸ. ਗੁਰਇੰਦਰ ਸਿੰਘ ਦੀ ਵਿਆਹ ਦੀ ਖੁਸ਼ੀ ਤੇ ਭੇਂਟ ਕੀਤੇ।) | 500/- | ਆਈ-130 | 23-11-2018 |
| 2. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ (ਹਰਿਆਣਾ) | 1000/- | ਆਈ-132 | 01-12-2018 |
| 3. | ਇੰਸਪੈਕਟਰ ਕੁਲਬੀਰ ਸਿੰਘ<br>ਮਕਾਨ ਨੰ-590, ਫੇਸ-1, ਮੋਹਾਲੀ। | 500/- | ਆਈ-134 | 08-12-2018 |
| 4. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾਂ ਫਾਉਂਡੇਸ਼ਨ ਸੈਕਟਰ 30-ਏ, ਚੰਡੀਗੜ੍ਹ। | 500/- | ਆਈ-135 | 16-12-2018 |
| 5. | ਲੈਕ. ਸ. ਗੁਲਸ਼ਨ ਕੁਮਾਰ ਸਿੰਘ<br>ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40ਡੀ, ਚੰਡੀਗੜ੍ਹ। | 200/- | ਆਈ-136 | 16-12-2018 |
| 6. | ਸ. ਪ੍ਰਤਾਪ ਸਿੰਘ<br>ਮਕਾਨ ਨੰ-5701, ਸੈਕਟਰ-38-ਵੈਸਟ, ਚੰਡੀਗੜ੍ਹ। | 100/- | ਆਈ-137 | 16-12-2018 |
| 7. | ਸ. ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ।<br># 541, ਫੇਸ-3, ਮੋਹਾਲੀ। | 200/- | ਆਈ-138 | 16-12-2018 |
| 8. | ਸ. ਰਵਿੰਦਰ ਸਿੰਘ<br>ਮਕਾਨ ਨੰ-2092, ਸੈਕਟਰ-45ਸੀ, ਚੰਡੀਗੜ੍ਹ। | 200/- | ਆਈ-139 | 16-12-2018 |
| 9. | ਸ. ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-1838, ਸੈਕਟਰ-7, ਮੋਹਾਲੀ। | 500/- | ਆਈ-140 | 16-12-2018 |
| 10. | ਸ. ਮਨਜੀਤ ਸਿੰਘ ਮੁਲਤਾਨੀ<br>ਸੀਨੀ ਵਾਇਸ ਪ੍ਰਧਾਨ (ਐਨ.ਆਰ.ਆਈ)<br>ਬਾਬਾ ਮੱਖਣ ਸ਼ਾਹ ਲੁਬਾਣਾਫਾਉਂਡੇਸ਼ਨ, ਸੈਕਟਰ-30ਏ ਚੰਡੀਗੜ੍ਹ।<br>ਮਕਾਨ ਨੰ-1005, ਸੈਕਟਰ-71, ਮੋਹਾਲੀ। | 5000/- | ਆਈ-141 | 16-12-2018 |

| | | | | |
|---|---|---|---|---|
| 11. | ਗੁਪਤ ਦਾਨ | 100/- | ਆਈ-142 | 16-12-2018 |
| 12. | ਸਰਦਾਰਨੀ ਹਰਪ੍ਰੀਤ ਕੌਰ ਪੇਲੀਆ | 1100/- | ਆਈ-143 | 16-12-2018 |
| | ਜਨਰਲ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ | | | |
| | ਫਾਉਂਡੇਸ਼ਨ, ਸੈਕਟਰ-30ਏ ਚੰਡੀਗੜ੍ਹ। | | | |
| | ਮਕਾਨ. ਨੰ-2218, ਸੈਕਟਰ-38ਸੀ. ਚੰਡੀਗੜ੍ਹ। | | | |
| 13. | ਸ. ਹਰਭਜਨ ਸਿੰਘ ਡੀ.ਆਈ.ਜੀ.ਪੀ. (ਰਿਟਾ.) | 500/- | ਆਈ-144 | 16-12-2018 |
| | ਵਾਈ-204, ਫੈਲਕੋਨ ਵਿਊ, ਸੈਕਟਰ-66-ਏ, | | | |
| | ਐਸ.ਏ.ਐਸ.ਨਗਰ, ਮੋਹਾਲੀ, 140306। | | | |
| 14. | ਸ. ਪ੍ਰੀਤਮ ਸਿੰਘ ਭੋਪਾਲ | 100/- | ਆਈ-145 | 16-12-2018 |
| | ਚੰਡੀਗੜ੍ਹ। | | | |
| 15. | ਸ. ਹਰੀ ਸਿੰਘ | 200/- | ਆਈ-146 | 16-12-2018 |
| | ਮਕਾਨ ਨੰ-33, ਫੇਸ-11, ਮੋਹਾਲੀ। | | | |
| 16. | ਸ. ਅਮਰਜੀਤ ਸਿੰਘ | 500/- | ਆਈ-147 | 16-12-2018 |
| | ਪੁੱਤਰ ਸ. ਗਿਆਨਸਿੰਘ ਮੁਲਤਾਨੀ, ਮਕਾਨ ਨੰ-42, ਸੈਕਟਰ-16, ਚੰਡੀਗੜ੍ਹ। | | | |
| 17. | ਸ. ਗਿਆਨ ਸਿੰਘ ਮੁਲਤਾਨੀ | 500/- | ਆਈ-148 | 16-12-2018 |
| | ਮਕਾਨ ਨੰ- 42, ਸੈਕਟਰ-16, ਚੰਡੀਗੜ੍ਹ। | | | |
| 18. | ਸ. ਚਰਨਜੀਤ ਸਿੰਘ ਲੁਬਾਣਾ | 200/- | ਆਈ-149 | 16-12-2018 |
| | ਮਕਾਨ ਨੰ- ਐਚ.ਐਲ-600, ਫੇਸ-9, ਮੋਹਾਲੀ। | | | |
| | ਪ੍ਰਧਾਨ ਯੁਨਾਇਟਿਡ ਵੈਲਫੇਅਰ ਐਸੋਸੀਏਸ਼ਨ, ਸੈਕਟਰ-63, ਫੇਸ-9, ਮੋਹਾਲੀ। | | | |
| 19. | ਸੂਬੇਦਾਰ ਮੇਜਰ ਜਸਪਾਲ ਸਿੰਘ | 100/- | ਆਈ-150 | 16-12-2018 |
| | ਮਕਾਨ ਨੰ-18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | | | |
| 20. | ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) | 500/- | ਆਈ-151 | 16-12-2018 |
| | #795, ਫੇਸ-3ਬੀ-1, ਮੋਹਾਲੀ। | | | |
| 21. | ਸ. ਰਾਜਪਾਲ ਸਿੰਘ | 500/- | ਆਈ-152 | 16-12-2018 |
| | ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ। | | | |
| | ਮਕਾਨ ਨੰ-43, ਮਨੀ ਮਾਜਰਾ। | | | |
| 22. | ਸ. ਲਖਬੀਰ ਸਿੰਘ | 100/- | ਆਈ-153 | 16-12-2018 |
| | ਮਕਾਨ ਨੰ-586-ਏ, ਸੈਕਟਰ-30-ਏ, ਚੰਡੀਗੜ੍ਹ। | | | |
| 23. | ਸ. ਹਰਦਿਆਲ ਸਿੰਘ ਘੋਤੜਾ | 200/- | ਆਈ-154 | 16-12-2018 |
| | ਵਿੱਤ ਸਕੱਤਰ, ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਚੰਡੀਗੜ੍ਹ। | | | |
| | ਮਕਾਨ ਨੰ-11, ਸੰਗਮ ਇਨਕਲੇਵ, ਸੈਕਟਰ-48ਏ, ਚੰਡੀਗੜ੍ਹ। | | | |

| | | | | |
|---|---|---|---|---|
| 24. | ਸ. ਇੰਦਰਜੀਤ ਸਿੰਘ ਭਗਤਾਨਾ<br>ਮਕਾਨ ਨੰ-1759, ਸੈਕਟਰ-43-ਬੀ, ਚੰਡੀਗੜ੍ਹ। | 200/- | ਆਈ-155 | 16-12-2018 |
| 25. | ਸ. ਹਰਮੀਤ ਸਿੰਘ ਨਿਊਜ਼ੀਲੈਂਡ | 200/- | ਆਈ-156 | 16-12-2018 |
| 26. | ਸ. ਦਲਜੀਤ ਕੌਰ ਮੋਹਾਲੀ | 100/- | ਆਈ-157 | 16-12-2018 |
| 27. | ਸ. ਸੁਰਿੰਦਰ ਸਿੰਘ, ਚੰਡੀਗੜ੍ਹ। | 200/- | ਆਈ-158 | 16-12-2018 |
| 28. | ਸ. ਦਰਸ਼ਨ ਸਿੰਘ<br>ਮਕਾਨ ਨੰ-1204, ਸੈਕਟਰ-22-ਬੀ, ਚੰਡੀਗੜ੍ਹ। | 200/- | ਆਈ-159 | 16-12-2018 |
| 29. | ਸ. ਗੁਰਬਚਨ ਸਿੰਘ<br>ਮਕਾਨ ਨੰ-2808/2, ਸੈਕਟਰ-47ਸੀ, ਚੰਡੀਗੜ੍ਹ। | 100/- | ਆਈ-160 | 16-12-2018 |

# ਸ਼ਹਾਦਤਾਂ



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਅਣਚਾਹੀਆਂ ਮੌਤਾਂ ਨਹੀਂ ਸਨ, ਸਗੋਂ ਚੇਤੰਨ ਸਰੂਪ ਵਿਚ ਸਿਰਜੇ ਤੇ ਰੂਪਮਾਨ ਕੀਤੇ ਬਹਾਦਰੀ ਦੇ ਜੌਹਰ ਸਨ ਜੋ ਕੌਮ ਅਤੇ ਦੇਸ਼ ਦਾ ਫ਼ਖਰ ਬਣੇ। ਇਨ੍ਹਾਂ ਅੰਦਰ ਗੁਰੂ-ਪਿਤਾ, ਗੁਰੂ-ਦਾਦਾ, ਗੁਰੂ-ਵਿਰਸੇ ਤੋਂ ਪ੍ਰਾਪਤ ਨਾਮ-ਰੰਗ ਦੀ ਸੂਰਮਗਤੀ ਸੀ ਜਿਨ੍ਹਾਂ ਦਾ ਬਾਹਰੀ ਪ੍ਰਗਟਾਵਾ ਇਹ ਸ਼ਹੀਦੀਆਂ ਸਨ।

ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਉਪ੍ਰੰਤ ਸਰਬਤ ਸ਼ਹੀਦਾਂ ਨਮਿਤ ਸ਼੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਵਾਉਣ ਦਾ ਵਿਚਾਰ ਬਣਾਇਆ। ਆਪ ਜੀ ਨੇ ਕੁਝ ਸਿੰਘਾਂ ਨੂੰ ਕਰਤਾਰਪੁਰ ਭੇਜਿਆ ਕਿ ਉਹ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਲੈ ਆਉਣ। ਧੀਰਮਲ ਨੇ ਆਦਿ ਸ਼੍ਰੀ ਗ੍ਰੰਥ ਸਾਹਿਬ ਦੀ ਬੀੜ ਸਿੰਘਾਂ ਨੂੰ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਬੋਲ-ਕੁਬੋਲ ਵੀ ਬੋਲੇ। ਇਹ ਵੀ ਮਿਹਣਾ ਮਾਰਿਆ ਕਿ ਜੇ ਤੁਹਾਡਾ ਗੁਰੂ ਪੂਰਾ ਹੈ ਤਾਂ ਆਪ ਗ੍ਰੰਥ ਲਿਖ ਲਵੇ। ਧੀਰਮਲ ਦਾ ਕੋਰਾ ਜਵਾਬ ਆਉਣ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਾਉਣ ਦਾ ਕਾਰਜ ਆਰੰਭਿਆ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਧੁਰ ਕੀ ਅੰਮ੍ਰਿਤਮਈ ਬਾਣੀ ਲਿਖਾਈ ਜਾਂਦੇ ਅਤੇ ਭਾਈ ਮਨੀ ਸਿੰਘ ਜੀ ਲਿਖੀ ਜਾਂਦੇ। ਸਾਰੀ ਬਾਣੀ ਦੇ ਨਾਲ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਂਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜਿਸ ਰਾਗ ਵਿੱਚ ਰਚੀ ਗਈ ਸੀ, ਉਸੇ ਰਾਗ ਵਿੱਚ ਦਰਜ ਕੀਤੀ। ਤਕਰੀਬਨ ਛੇ ਮਹੀਨੇ ਦੇ ਅਰਸੇ ਵਿਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਬੀੜ ਲਿਖਵਾਈ। ਸਾਬੋ ਕੀ ਤਲਵੰਡੀ ਵਿਖੇ ਇਹ ਬੀੜ ਲਿਖਵਾਈ ਗਈ ਅਤੇ ਗੁਰੂ ਸਾਹਿਬ ਜੀ ਨੇ ਇਸ ਨਗਰੀ ਦਾ ਨਾਂ 'ਗੁਰੂ ਕੀ ਕਾਂਸ਼ੀ' ਰੱਖਿਆ।

Addl. Chief Editor
Pritam Singh
Naurangpur
M.: 98140-48241



# Career After +2

ਇੰਜੀਨੀਅਰ ਪਰਮਿੰਦਰਜੀਤ ਸਿੰਘ/ 99153-57524



## COMPANY SECRETARY

The Services of a Company Secretary play a major role in the efficient management of the Corporate Sector. A Company Secretary is looked upon as the conscience keeper of the Company and a custodian of public interest. A Company Secreatary is the legal representative of the company he/she is working for and ensures that it functions as per its articles of association. Indepth study of Various functions of a Company qualifies the persons for taking up a wide range of responsible positions for taking up a wide range of responsible position in the secrettarial, legal, finance, accounts, personnel and administrative departments of Companies/organisations in both the Sectors (Public & Private).



**THE INSTITUTE OF COMPANY SECREATERIES OF INDIA, 'ICSI HOUSE,' 22, INSTITUTIONAL AREA, LODI ROAD, NEW DELHI-110003**

The Institute offers 8 months foundation Course. Senior Secondary/10+2 in Arts/ Comerce/Science or any discipline (excluding fine arts) who wish to join the Company Secretaryship Course are eligible. There is no minimum percentage for admission.

**Subjects of study:** (1) Business Communication, (2) Business laws & Management, (3) Principles of Accountancy, (4) Economics & Statitics,

Enrolment is done throughout the year. Those who enrol upto March 31 can appear in the examination held in December same year and those who enrole upto September 30 can appear in Examination held in June next year. Medium of examination is English and Hindi.

After completing the foundation Course students can seek direct registration to the intermediate Course of Company Secretaryship.

**Coaching:** Postal Coaching with the option of oral coaching is arranged by the Institute througth its Regional Councils, Chapters, and Collaborative oral tutuion centers spread all over India.

For further details and prospectus contact the Head Office at the address mentioned above of the Chairman of the Regional Councils/Offices and Chapter given below.

Ph.: 011-24617321/24, 24644431/32: Fax: 011-24626727: Email: info@icsi-india.com: Website: www. icsi. edu

**ADDRESS OF THE REGIONAL COUNCILS**

**Eastern India Regional Council**

**EIRC :** 18-A, Everest House (18th Floor), 40-C.chowringhee Roadtta00071.

**NORTHERN INDIA REGIONAL COUNCIL**

**NIRC :** 1, Rani Jhansi Road, New Delhi-110055.

**SOUTHERN INDIA REGIONAL COUNCIL**

**SIRC :** No. 4, Wheat Crofts Road, Nungam, Bakkam, chennai-600034

**WESTERN INDIA REGIONAL COUNCIL**

**WIRC :** No. 13, Jolly Maker Chambers No II (Ist Floor), Nariman Point, Mumbai-400021.

**Addresses of Regional Offices And Chapters**

| **Sl. No.** | **Chapter at** | **Address** |
|---|---|---|
| **Eastern Region** | | |
| 1. | Bhubaneswar | Plot No. N 6/265, Jayadev Vihar, Bhubaneswar-751015. |
| 2. | Guwahati | AIDC Campus, R.G. Barua Road, Guwahati-781024. |
| 3. | Jamshedpur | C/o Tata Yodogawa Ltd., XLRL Campus. C.H. Area, Jamshedpur-831001. |

| | | |
|---|---|---|
| 4. | Ranchi | 445, Pee Pee Compound, Ranchi-834001 |
| 5. | Patna | Bhubaneswar Kutir, Near Nilgiri Bhawan, Anandpuri West Boring Canal Road, Patna-800001 |
| | **Northern Region** | |
| 6. | Chandigarh | GGDSD College, Sector 32-C, Chandigarh. |
| 7. | Delhi | ICSI-NIRC Building, Plot No.4, Institutional Area, Prasad Nagar, Rajendra Place, New Delhi-110005. |
| 8. | Faridabad | (Chairman, Faridabad Chapter of NIRC of the ICSI). HOuse No. 139, Sector 15A, Faridabad-121007. Library : Lions Bhawan, 32-C, Nehru Ground, NIT, Faridabad-121001. |
| 9. | Ghaziabad | (Chairman, Ghaziabad Chapter of NIRC of the ICSI), B-32, Nehru Apartments, Nehru Nagar, Ghaziabad-201001. |
| 10. | Jaipur | A-5/A, Institutional Area, Jhalana Doongri, Jaipur-302004. |
| 11. | Kanpur | Gumti Plaze (2nd Floor) 118/90, Kaushalpuri, Kanpur-208012. |
| 12. | Lucknow | C/o Saraswati Shishu Mandi, Near MEENa Market A-Block, Indira Nagar, Lucknow-226001. |
| 13. | Ludhiana | BXXX-1373, Krishna Nagar, Civil Lines, Ludhiana-141008. |
| 14. | Modinagar | House No 1, Shastri Nagar, Gali No. 1, Opp. Computer Point, G.T. Road, Modi Nagar-201204. |
| 15. | Noida | (Chairman, Noida Chapter of NIRC of the ICSI), A-233, Sector 19, Noida-201301. |
| 16. | Shimla | (Chairman, Shimla Chapter) of NIRC of the ICSI), Company Secretary, Malbarough House, Shimla-171002. |
| 17. | Udaipur | (Chairman, Udaipur Chapter of NIRC of the ICSI). Director (Finance), Hindustan Zinc. Ltd. Yashad Bhawan, Udaipur. |
| | **Southern Region** | |
| 18. | Bangalore | Sheriff Chambers (Rear Block-3rd floor), 14, Cunningham Road, Bangalore-560052. |
| 19. | Cochin | Door No. 25, Mather Square, 2nd Floor, North Railway Station Road, Kochi-682018. |
| 20. | Coimbatore | 217, New Scheme Road, Near Mani Higher Secondary School, Pappanaickenpalayam, Coimbatore-640037. |
| 21. | Hyderabad | 6-3-609/5, Anand Nagar Colony, Khairalabad, Hyderabad-500004. |
| 22. | Madurai | C/o Pleaides Informatics (P) Ltd., 46-A, Town Hall Road, Madurai-625001. |
| 23. | Mangalore | C/o SDM Law College, Kodiabail, Mangalore-575003. |
| 24. | Mysore | Office : 55, 12th Cross, Gokulam II Stage, Mysore-570002. Library : Sri Krishna Lalitha Kala Mandir, Thyagaraj Road, Mysore-570001. |
| 25. | Pondicherry | C/o Hotel Mass (P) Ltd., Maraialia Adigal Salai, Pondicherry-605001. |
| 26. | Thiruvanan-thapuram | Utsavamadom Building Fort Thiruvananthapuram-695023. |
| 27. | Tiruchirapalli | 340A, Promenade Road Cantonment, Tiruchirapalli-620001. |
| 28. | Visakhapalnam | Visakha Tutorial Collge, Dwarakanagar, Visakhapatnam-530016. |

# EAT HEALTHY STAY HEALTHY

**1. Eat a variety of foods**

For good health, we need more than 40 different nutrients, and no single food can supply them all. It is not about a single meal, it is about a balanced food choice over time that will make a difference!

- A high-fat lunch could be followed by a low-fat dinner.
- After a large meat portion at dinner, perhaps fish should be the next day's choice?

**2. Base your diet on plenty of foods rich in carbohydrates**

About half the calories in our diet should come from foods rich in carbohydrates, such as cereals, rice, pasta, potatoes, and bread. It is a good idea to include at least one of these at every meal. Wholegrain foods, like wholegrain bread, pasta, and cereals, will increase our fibre intake.

**3. Replace saturated with unsaturated fat**

Fats are important for good health and proper functioning of the body. However, too much of it can negatively affect our weight and cardiovascular health. Different kinds of fats have different health effects, and some of these tips could help us keep the balance :

- Eating fish 2-3 times a week, with at least one serving of oily fish, will contribute to our right intake of unsaturated fats.
- When cooking, we should boil, steam or bake, rather than frying, remove the fatty part of meat, use vegetable oils.

**4. Enjoy plenty of fruits and vegetables**

Fruits and vegetables are among the most important foods for giving us enough vitamins, minerals and fibre. We should try to eat at least 5 servings a day. For example, a glass of fresh fruit juice at breakfast, perhaps an apple and a piece of watermelon as snacks, and a good portion of different vegetables at each meal.



**5. Reduce salt and sugar intake**

A high salt intake can result in high blood pressure, and increase the risk of cardiovascular disease. There are different ways to reduce salt in the diet:

- When shopping, we could choose products with lower sodium content.
- When cooking, salt can be substituted with spices, increasing the variety of flavours and tastes.

**6. Eat regularly, control the portion size**

Eating a variety of foods, regularly, and in the right amounts is the best formula for a healthy diet.

Skipping meals, especially breakfast, can lead to out-of-control hunger, often resulting in helpless overeating. Snacking between meals can help control hunger, but snacking should not replace proper meals. For snacks, we could choose yoghurt, a handful of fresh or dried fruits or vegetables (like carrot sticks), unsalted nuts, or perhaps some bread with cheese.

- Cooking the right amount makes it easier to not overeat.
- Some reasonable serving sizes are: 100 g of meat; one medium piece of fruit; half a cup of raw pasta.


ਹਰਪ੍ਰੀਤ ਕੌਰ ਪੇਲੀਆ
ਜਨਰਲ ਸਕੱਤਰ
98763-58250




**7. Drink plenty of fluids**

Adults need to drink at least 1.5 liters of fluid a day! Or more if it's very hot or they are physically active. Water is the best source, of course, and we can use tap or mineral water, sparkling or non-sparkling, plain or flavored. Fruit juices, soft drinks, milk and other drinks, can all be okay - from time to time.

**8. Maintain a healthy body weight**

The right weight for each us depends on factors like our gender, height, age, and genes. Being overweight increases the risks of a wide range of diseases, including diabetes, heart diseases, and cancer.

**9. Get on the move, make it a habit!**

Physical activity is important for people of all weight ranges and health conditions. It helps us burn off the extra calories, it is good for the heart and circulatory system, it maintains or increases our muscle mass, it helps us focus, and improves overall health well-being. We don't have to be top athletes to get on the move! 150 minutes per week of moderate physical activity is advised, and it can easily become part of our daily routine. We all could:

- use the stairs instead of the elevator,
- go for a walk during lunch breaks (and stretch in our offices in between)
- make time for a family weekend activity

**10. Start now! And keep changing gradually.**

Gradual changes in our lifestyle are easier to maintain than major changes introduced all at once. For three days, we could write down the foods and drinks we consume throughout the day, and make a note of the amount of movement we made. It won't be difficult to spot where we could improve:

- Skipping breakfast? A small bowl of muesli, a piece of bread or fruit, could help slowly introduce it into our routine
- Too few fruits and vegetables? To start with, we can introduce one extra piece a day.

# Let us know!

1. In TV broadcast via satellite the TV signal from the main broadcast station is routed to the earth station via.

   (a) Low poer transnifters (b) Microwave links

   (c) TV relay stations (d) Microwave repeater stations

2. A telephone communication link beteen two countries is established through a composite system using submarine cables and satellite when

   (a) two countries are for apart

   (b) political links between two countries have been severed

   (c) two coutnries are not facing common satellite

   (d) two countries are not different continents.

3. A synehronous satellite orbits the earth once in

   (a) 24 hours (b) 12 hours (c) 6 hours (d) 1 hour

4. DC power required for satellite is derived from

   (a) solar cells and nicket-cadmium cells (b) power supplies (c) fuel cells (d) none of the above

5. A geostationaly satellite

   (a) remains stationary in space

   (b) remains at a height of 1000 km above the surface or earth


   (c) orbits the earth with 24 hour period

   (d) remains always in a direction opposite to that of sun, with respect to earth

**Answer : - 1 (d), 2 (c), 3 (a), 4 (a), 5 (c)**



# MATRIMONIAL



Suitalbe match for beautiful girl Age 27, Height: 5'3"Date of Birth: 17-Jan-1991, Education: Masters-Management College (s) Attended: Indian Institute of Technology Delhi - MBA in Operations and IT Deenbandhu Chhotu Ram University of Science & Technology - B.Tech in CSE, Working As: Group Manager with Amazon, Father-Businessman, Transportation, Mother-Home maker, Siblings: 1 younger brother, studying. Father's phone number 9416023670, Mothers phone number 9729471270

* * * * *

Looking for a match for smart Lobana Sikh 26 years, fair, 183 cm, PG, permanent commissioned officer. The girl should be aged around 23 years, tall, beautiful, convent educated, fair and slim with clear complexion from educated family. The boy is clean shaven but supports turban during social engagements. Younger brother is also a commissioned officer. Father is serving officer in IAF while mother is home maker. Urban property in Chandigarh and Gurgaon.

Cont-WhatsApp:07042458041 or email: nikkymaniani@gmail.com.

* * * * *

Suitable match for Manglik Sharma girl born on May 7, 1990, Height – 5’4”, Gotar :- Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali. Contact after matching kundali. Mob No.-99885-88123

* * * * *

SUITABLE MATCH FOR AMRITDHARI SIKH BOY-HEIGHT 5’7”/29-03-1990 TIME 8:02 PM, BE. SOFT ENGINEER, PACKAGE 1.10 LAC PER MONTH, ONE BROTHER SETTLED IN U.S.A, FATHER RETIRED FROM ARMY, MOTHER HOME MAKER, HAVING 20 ACRE OF LAND, BOY WILL SETTLED IN CHANDIGARH, FAMILY PURE AMRITDHARI, VILL- TALWANDI SALLAN, DISTT-HOSHIARPUR (PB.).

CONTACT : WHATSAPP NO - 79737-90020

* * * * *

SUITABLE MATCH FOR GURPREET SINGH HEIGHT- 6’2”, D.O.B. 03-09-1991, COMPUTER ENGINEER (BANGALORE) REQUIRE DEDUCATED GIRL SAME LINE. CONTACT NO-99881-60038

* * * * *

LUBANA SIKH FAMILY SEEKING A SUITABLE MATCH FOR THIER SON 28 , 5’11” HANDSOME,WELL SETTLED PERMANENT RESIDENT IN CANADA. GIRL SHOULD BE PROFESSIONALLY QUALIFIED WITH GOOD HEIGHT MATCH. 9872199909 FATHER NO.

* * * * *

Suitable match for Surinderpal Singh, Dob-04-10-1990/5'6”, Education- B.B.A, Job- in Spain also settled in Spain. Father- Ex Sarpanch. Girl of Spain will be preferred. Contact no-94650-32765, 94178-62315

* * * * *

Suitable match forLobana handsome boy Dob-18-01-1990, height- 6 feet M.Com 1st division, college last attend Govt. college sector-2, Panchkula, Job- Astt. Manager at nationalized bank Indian Bank, Date of joining in bank June 2013, father retired form Union Bank of India as Senior Manager, sister married serving in SBI, Asset- Own flat in sec-20 Panchkula, Priority girl from tricity. Contact no-80546-10033, 99880-48072

* * * * *

Suitable match for handsome lobana sikh boy Dob-31-03-1990/5'7”, education- M.C.A from Delhi University. Teacher in Army Public School Jalandhar Cantt. Annual package R.3-6 Lacs. Father retired from Delhi police. Now settled in Jalandhar permanently. Contact no-88268-18449, 81460-75553

* * * * *

Suitable match for 5'4" beautiful lubana girl, Age 27, MBBS, doctor in PCMS govt. Service.Usmle step 1 taken. Parents are practicing in their own clinic. Brother is MD radiologist. Father is well known face in area. Family owns rural n urban property. Looking for tall handsome MD/MS Doctor or Usmle aspirant Machhiwara. Contact No. 98783-98113

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਕਪੂਰਥਲਾ ਵਿਖੇ ਸ਼ਹੀਦੀ ਗੁਰਪੁਰਬ ਮਨਾਇਆ ਗਿਆ

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਗੁਰਪੁਰਬ ਮਿਤੀ 22 ਦਸੰਬਰ ਨੂੰ ਲੁਬਾਣਾ ਭਵਨ ਗੁਰੂ ਨਾਨਕ ਨਗਰ ਹਮੀਰਾ ਰੋਡ ਵਿਖੇ ਬੜੇ ਉਤਸ਼ਾਹ ਨਾਲ ਸ਼ਰਧਾਪੂਰਵਕ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਭਾਈ ਕਰਮ ਸਿੰਘ ਨੂਰਪੁਰੀ ਦੇ ਰਾਗੀਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ। ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ ਅਤੇ ਪ੍ਰਿੰ. ਰਾਜਿੰਦਰ ਸਿੰਘ ਸੰਡਲਸ ਨੇ ਗੁਰੂ ਸਾਹਿਬ ਦੀ ਧਰਮਾਂ ਦੀ ਰੱਖਿਆ ਲਈ ਲਾਸਾਨੀ ਸ਼ਹੀਦੀ ਬਾਰੇ ਵਿਸਥਾਰ ਪੂਰਵਕ ਦਸਦੇ ਹੋਏ ਗੁਰੂ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਇਸ ਤੋਂ ਪਹਿਲਾਂ ਮੁੱਖ ਮਹਿਮਾਨ ਸ. ਜਗਤਾਰ ਸਿੰਘ ਮੁਲਤਾਨੀ ਸਾਬਕਾ ਮੰਤਰੀ ਪੰਜਾਬ ਨੇ ਭਵਨ ਵਿਖੇ ਨਵੇਂ ਬਣੇ ਵੱਡੇ ਹਾਲ ਦਾ ਉਦਘਾਟਨ ਕੀਤਾ ਅਤੇ ਹਾਲ ਸੰਗਤਾਂ ਨੂੰ ਅਰਪਿਤ ਕੀਤਾ ਗਿਆ। ਭਵਨ ਦੀ ਕਾਰ ਸੇਵਾ ਨਿਭਾ ਰਹੇ ਲੁਬਾਣਾ ਵੈਲਫੇਅਰ ਟਰੱਸਟ (ਰਜਿ.) ਦੇ ਪ੍ਰਧਾਨ ਸ. ਬਲਕਾਰ ਸਿੰਘ ਧੀਰ ਨੇ ਐਲਾਨ ਕੀਤਾ ਕਿ ਹੁਣ ਇਹ ਭਵਨ ਸੰਗਤਾਂ ਸਮਾਜਕ ਸਮਾਗਮ ਆਯੋਜਤ ਕਰਨ ਲਈ ਵਰਤ ਸਕਦੀਆਂ ਹਨ।



ਸ. ਜਗਤਾਰ ਸਿੰਘ ਮੁਲਤਾਨੀ ਸਾਬਕਾ ਮੰਤਰੀ ਪੰਜਾਬ ਲੱਖੀ ਸ਼ਾਹ ਲੁਬਾਣਾ ਭਵਨ ਕਪੂਰਥਲਾ ਵਿਖੇ ਨਵੇਂ ਬਣੇ ਵੱਡੇ ਹਾਲ ਦਾ ਉਦਘਾਟਨ ਕਰਦੇ ਹੋਏ

ਅੰਤ ਵਿਚ ਟਰੱਸਟ ਵੱਲੋਂ ਕੁਝ ਪਤਵੰਤੇ ਸੱਜਣਾਂ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਜੀਵਨ ਵਿਚ ਵਿਚਰਦੇ ਕਿਸੇ ਖੇਤਰ ਵਿਚ ਉਚ ਕੋਟੀ ਦੀਆਂ ਪ੍ਰਾਪਤੀਆਂ ਹਾਸਲ ਕਰਨ ਵਾਲੀਆਂ ਇਨ੍ਹਾਂ ਸ਼ਖ਼ਸੀਅਤਾਂ ਵਿਚ ਸ. ਜਗਜੀਤ ਸਿੰਘ ਭਗਤਾਨਾ ਐਸ.ਐਸ.ਪੀ., ਸ. ਅਜੀਤਪਾਲ ਸਿੰਘ ਸਿਵਲ ਜੱਜ, ਪ੍ਰਿੰ. ਰਾਜਿੰਦਰ ਸਿੰਘ ਸੰਡਲਸ, ਸ. ਬਲਕਾਰ ਸਿੰਘ ਧੀਰ ਬੀ.ਈ.ਓ., ਸ. ਸਰੂਪ ਸਿੰਘ ਏ.ਆਰ., ਸ. ਗੁਰਮੀਤ ਸਿੰਘ ਨਡਾਲਾ ਤਹਿਸੀਲਦਾਰ ਸ਼ਾਮਲ ਹਨ। ਪ੍ਰਿੰ. ਸੰਪੂਰਨ ਸਿੰਘ ਸਟੇਜ਼ ਸਕੱਤਰ ਸਨ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

ਸੰਗਤਾਂ ਵਿਚ ਪ੍ਰਿੰ. ਵਰਿਆਮ ਸਿੰਘ, ਪ੍ਰਿੰ. ਅਜੀਤ ਸਿੰਘ, ਪ੍ਰਿੰ. ਖਜ਼ਾਨ ਸਿੰਘ, ਗੁਰਦੀਪ ਸਿੰਘ ਮੈਨੇਜਰ, ਜਸਵਿੰਦਰ ਈ.ਟੀ.ਓ., ਗੁਰਮੀਤ ਸਿੰਘ ਨੂਰਪੁਰੀ, ਉਂਕਾਰ ਸਿੰਘ ਪ੍ਰਧਾਨ, ਸਵਰਨ ਸਿੰਘ ਇੰਸਪੈਕਟਰ, ਬਲਵਿੰਦਰ ਸਿੰਘ ਇੰਸਪੈਕਟਰ, ਊਧਮ ਸਿੰਘ ਇੰਸਪੈਕਟਰ ਅਤੇ ਸੂਬੇਦਾਰ ਗੁਰਮੀਤ ਸਿੰਘ ਵੀ ਹਾਜ਼ਰ ਸਨ।


ਬਲਕਾਰ ਸਿੰਘ ਧੀਰ

ਵਰਿਆਮ ਸਿੰਘ ਪ੍ਰਿੰਸੀਪਲ (ਰਿਟਾ.)
ਮੋ. 95010-32619


# ਗੁਰਦੁਆਰਾ ਠੰਡਾ ਬੁਰਜ ਫਤਹਿਗੜ੍ਹ ਸਾਹਿਬ ਦੇ ਦਰਸ਼ਨ ਕਰਦੇ ਹੋਏ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਮੈਨੇਜਮੈਂਟ





Regd No. 32212/78 Postal No.-- G/CHD/0111/2018-2020

# Scholarship Committee Meeting on 15-12-18





29-11-2018 ਨੂੰ ਵਰਕਿੰਗ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਸ. ਜਗੀਰ ਸਿੰਘ ਲਾਲੀਆ।
ਮੀਟਿੰਗ ਵਿਚ ਲਗਭਗ 20 ਕਾਰਜਕਾਰੀ ਮੈਂਬਰਾਂ ਨੇ ਭਾਗ ਲਿਆ।